# ਜੰਗ ਜਾਰੀ ਹੈ

# ਜੰਗ ਜਾਰੀ ਹੈ

**ਹਰੀ ਚੰਦ ਅਰੌੜਾ**

*Poetry/Punjabi Poetry*

ISBN : 978-93-5068-888-5

**Jung Jaari Hai**

*by*

**Hari Chand Arora**
# 2299, Sector- 44 C
Chandigarh
Phone. 98140-13764
hcarora.highcourt@gmail.com

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
email : lokgeetparkashan@gmail.com
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2014*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਤਤਕਰਾ


- ਮੁੱਖ ਬੰਧ
- ਇਹ ਮੇਰੇ ਗੀਤ ਮੈਂ ਆਪੇ ਗਾਣੇ 11
- ਮੇਰੀ ਧੀਓ ਨੀ ਪੰਜਾਬ ਦੀਓ 13
- ਭੋਲੇ ਬੱਚੇ 14
- ਦਾਜ 15
- ਮੌਸਮ ਗਾਲੋ ਗਾਲੀ ਦਾ 17
- ਨਹੀਂ ਸੋਚਿਆ ਸੀ 19
- ਟੌਲ ਟੈਕਸ 20
- ਖਟਕੜ-ਕਲਾਂ ਦਾ ਹਾਲ 22
- ਸਿਹਤ ਦਾ ਅਧਿਕਾਰ 24
- ਜੱਟ ਪਛੜ ਗਿਆ 25
- ਖਟਕੜ-ਕਲਾਂ ਜਾਣ ਵਾਲਿਓ 26
- ਮੇਰੀਆਂ ਕਮਜ਼ੋਰੀਆਂ 28
- ਮੁੱਢਲੀ ਵਿੱਦਿਆ 29
- ਮੁੱਢਲੀ ਸਿੱਖਿਆ ਨੂੰ 31
- ਕੈਂਸਰ 33
- ਆਰ. ਟੀ. ਆਈ 34
- ਲੱਜ ਤੁਹਾਨੂੰ ਨਹੀਂ 36
- ਡੈਮੋਕਰੇਸੀ 37
- ਸਿਆਸਤ ਦੀ ਹਾਕੀ 38
- ਕੋਈ ਤੁਹਾਡਾ ਨਹੀਂ 40
- ਦਰਦ 42
- ਹੋਲਾਂ ਦਾ ਸਵਾਦ 44
- ਛੋਟੀ ਗੱਡੀ 46

• ਗਿੱਧਾ 48
• ਨਸ਼ਾ ਵਿਰੋਧੀ ਟੱਪੇ 49
• ਰਣ ਗਗਨ ਦਮਾਮਾ ਵੱਜਿਆ 50
• ਅਖ਼ਬਾਰੀ ਮਿਆਰ 52
• ਸੁਣ ਸਰਕਾਰੇ 54
• ਇੱਕੋ ਹੀ ਝੋਰਾ 55
• ਯਮਲਾ ਜੱਟ 57
• ਪੰਜਾਬ ਦੀਆਂ ਪੇਂਡੂ ਡਿਸਪੈਂਸਰੀਆਂ 59
• ਏ ਜੀ 60
• ਕੈਂਸਰ ਵਾਲੀ ਟਰੇਨ 62
• ਨੇਤਰ-ਹੀਣਤਾ ਪੈਨਸ਼ਨ 64
• ਪੰਜਾਬੀਏ ਜ਼ੁਬਾਨੇ 65
• ਪੁਲਸ 67
• ਅਰੋੜਾ 68
• ਥਰਮਲ ਅਤੇ ਆਰ. ਓ. 69
• ਮੇਰਾ ਫ਼ਲਸਫ਼ਾ 71
• ਜਿੱਪਾਂ ਨੂੰ ਤਾਲੇ ਲਾ ਲਓ 73
• ਬੜਾ ਹੀ ਔਖਾ ਪੀਣਾ ਪਾਣੀ 75
• ਫੱਟੀ ਅਤੇ ਟਵਿਟਰ 77
• ਗੱਲਾਂ ਮੇਰੇ ਸਕੂਲ ਦੀਆਂ 78
• ਮੇਰੇ ਪਿੰਡ ਆ ਕੇ ਜ਼ਰਾ ਵੇਖ ਲੈ 80
• 498 ਏ 82
• ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ 83
• ਭਾਰਤ ਰਤਨ 85
• ਯਾਰਾਂ ਦੀ ਲੜਾਈ 86
• ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ 87
• ਐ ਮੇਰੇ ਪੰਜਾਬ 88

- ਵੱਖਰਾ ਚੜ੍ਹਾਈਏ ਨਵਾਂ ਸਾਲ 89
- ਮੇਰਾ ਕੀ ਕਸੂਰ 91
- ਮੈਂ ਕਮਲਾ ਨੀਂ 93
- ਜੱਟਾਂ ਢੰਗ ਨਾਲ ਪੱਗੜੀ ਸੰਭਾਲ 94
- ਸਾਂਭ ਲੈ ਗਨੇਰੀਆਂ 95
- ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ 97
- ਮੱਝ ਦੀ ਸਵਾਰੀ 99
- ਸੰਨ ਸੰਤਾਲੀ ਤੋਂ ਬਾਅਦ 101
- ਬਿਰਧਾਂ ਦੀ ਜਾਨ 102

# ਮੁੱਖ ਬੰਦ

ਮੇਰਾ ਇਹ ਗੀਤਾਂ ਅਤੇ ਕਵਿਤਾਵਾਂ ਦਾ ਸੰਗ੍ਰਹਿ ਪੰਜਾਬ ਦੇ ਸਮੁੱਚੇ ਨਾਗਰਿਕਾਂ ਨੂੰ ਸਮਰਪਿਤ ਹੈ। ਇਸ ਕਿਤਾਬ ਨੂੰ ਮੈਂ ਲੱਚਰ ਗੀਤਾਂ ਦੇ ਵਿਰੁੱਧ 'ਜੰਗ ਜਾਰੀ' ਕਰਨ ਦੇ ਐਲਾਨ ਦੇ ਰੂਪ ਵਿੱਚ ਲੈਂਦਾ ਹਾਂ। ਇਸ ਜੰਗ ਨੂੰ ਮੈਂ ਹਰ ਤਰ੍ਹਾਂ ਦੇ ਜ਼ੁਰਮ, ਜ਼ਿਆਦਤੀ ਦੇ ਪੀੜਤਾਂ ਦੇ ਹੱਕ ਵਿੱਚ ਵੀ ਜੰਗ ਜਾਰੀ ਰਖਣ ਦੇ ਐਲਾਨ ਦੇ ਰੂਪ ਵਿੱਚ ਲੈਂਦਾ ਹਾਂ। ਮੈਂ ਇਸ ਕਿਤਾਬ ਰਾਹੀਂ ਸਮੁੱਚੇ ਪੰਜਾਬੀਆਂ ਨੂੰ ਲੱਚਰ ਗੀਤਾਂ, ਨਸ਼ਿਆਂ, ਤੇਜ਼ਾਬੀ ਹਮਲਿਆਂ, ਯੌਨ ਉਤਪੀੜਣ, ਦਹੇਜ-ਪਰਥਾ, ਬਜ਼ੁਰਗ ਮਾਪਿਆਂ ਦੀ ਦੇਖ ਭਾਲ ਵਿਚ ਅਣਗਹਿਲੀ, ਜ਼ਮੀਨ ਹੇਠਲੇ ਪਾਣੀਆਂ ਦੇ ਸਰੋਤਾਂ ਦੇ ਦੁਰ-ਉਪਯੋਗ, ਥਰਮਲਾਂ ਰਾਹੀਂ ਫੈਲਾਏ ਜਾ ਰਹੇ ਪਰਦੂਸ਼ਣ, ਆਰ. ਓ. ਸਿਸਟਮ ਰਾਹੀਂ ਮਿਲਦੇ ਸਾਫ਼ ਪਾਣੀ ਦਾ ਸਵਾਸਥਕ ਤੱਤਾਂ (ਕੈਲਸ਼ੀਅਮ-ਮੈਗਨੀਸ਼ੀਅਮ) ਤੋਂ ਰਹਿਤ ਹੋਣ ਕਰਕੇ ਮਨੁੱਖੀ ਸੇਹਤ ਉਤੇ ਹੋਣ ਵਾਲੇ ਦੁਸ਼ ਪ੍ਰਭਾਵਾਂ ਦੇ ਵਿਰੁੱਧ ਲਾਮਬੰਦ ਹੋਣ ਦਾ ਆਹਵਾਨ ਕਰਦਾ ਹਾਂ।

ਮੇਰੀਆਂ ਜਨ-ਹਿੱਤ ਯਾਚਕਾਵਾਂ ਦੀ ਤਰ੍ਹਾਂ ਹੀ ਇਹ ਵੀ ਜਨ-ਹਿੱਤ ਦੀ ਜੰਗ ਹੈ, ਜੋ ਮੇਰੇ ਆਖ਼ਰੀ ਸਾਹ ਤੱਕ ਜਾਰੀ ਰਹੇਗੀ।

ਹਰੀ ਚੰਦ ਅਰੋੜਾ
ਐਡਵੋਕੇਟ
2299/44 ਸੀ
ਚੰਡੀਗੜ੍ਹ
ਫੋਨ: 98140-13764
hcarora.highcourt@gmail.com

## ਇਹ ਮੇਰੇ ਗੀਤ ਮੈਂ ਆਪੇ ਗਾਣੇ

ਇਹ ਮੇਰੇ ਗੀਤ ਮੈਂ ਆਪੇ ਗਾਣੇ
ਯਮਲੇ ਦੀ ਤੂੰਬੀ ਦੇ ਵਾਂਗਰ
ਸੱਥਾਂ ਵਿਚ ਲੈ ਜਾਣੇ।

ਜਿਹੜੇ ਦਰਦ ਹੰਢਾਏ ਨੇ ਮੈਂ
ਓਹੀ ਗੀਤ ਬਣਾਏ ਨੇ ਮੈਂ
ਜਿਸ ਤਰ੍ਹਾਂ ਮੈਂ ਦਰਦ ਹੰਢਾਏ
ਓਸੇ ਤਰ੍ਹਾਂ ਸੁਣਾਣੇਂ।

ਗੱਭਰੂਆਂ ਦੇ ਦਿਲਾਂ ਦੇ ਅੰਦਰ
ਮੈਂ ਹੀ ਲਾਂਬੂ ਲਾਣੇ
ਵਿਰਸੇ ਨੂੰ ਮੈਂ ਜਿੰਦਾ ਕਰਨਾ
ਐਸੇ ਗੀਤ ਸੁਣਾਣੇਂ।

ਸੁੱਤੇ ਸ਼ੇਰ ਜਗੌਂਣੇ ਪੈਣੇ
ਕਹਿੰਦੇ ਲੋਕ ਸਿਆਣੇ
ਦਿਲ ਦਰਿਆ ਸਮੁੰਦਰੋਂ ਡੂੰਘੇ
ਓਥੇ ਗੀਤ ਪੁਚਾਣੇ।

ਮੇਰੇ ਗੀਤ ਨੇ ਨਵੇਂ ਨਰੋਏ
ਕਦੇ ਨਾ ਹੋਣ ਪੁਰਾਣੇ
ਦੋ-ਮੂੰਹੇਂ ਤੇ ਦੋ-ਅਰਥੇ
ਮੈਂ ਕਦੇ ਗੀਤ ਨਹੀਂ ਗਾਣੇ।

ਬੁੱਕ ਸਟਾਲਾਂ ਉੱਤੇ ਮੇਰੇ
ਗੀਤ ਨਹੀਂ ਕਦੇ ਥਿਆਣੇ
ਜਿੰਨੇ ਵਾਰੀ ਗੀਤ ਛਾਪਣੇ
ਹੱਥੀਂ ਵੰਡਣ ਜਾਣੇ।

ਮੈਂ ਹਾਂ ਇਕ ਨਿਮਾਣਾ ਬੰਦਾ
ਮੇਰੇ ਗੀਤ ਨਿਮਾਣੇ
ਯਮਲੇ ਦੀ ਤੂੰਬੀ ਦੇ ਵਾਂਗਰ
ਸੱਥਾਂ ਵਿਚ ਲੈ ਜਾਣੇ।

## ਮੇਰੀ ਧੀਏ ਨੀ ਪੰਜਾਬ ਦੀਏ

ਸਦਾ ਸੁਖੀ ਵੱਸੋ ਮੇਰੀ ਧੀਏ ਨੀ ਪੰਜਾਬ ਦੀਏ
ਖਿੜ ਖਿੜ ਹੱਸੋ ਮੇਰੀ ਧੀਏ ਨੀ ਪੰਜਾਬ ਦੀਏ।

ਜਿਵੇਂ ਕਿਸੇ ਖੇਤ ਵਿੱਚ ਸਰ੍ਹੋਂ ਲਹਿਰਾਂਦੀ ਹੋਵੇ
ਮੇਰੀ ਹਰ ਧੀ ਏਦਾਂ ਕਿਕਲੀਆਂ ਪਾਂਦੀ ਹੋਵੇ
ਖਿੜ ਖਿੜ ਹੱਸੋ...............

ਕਰੋ ਸਭ ਨੂੰ ਪਿਆਰ ਦੇਵੋ ਪੂਰਾ ਸਤਿਕਾਰ
ਪਰ ਕਦੇ ਵੀ ਨਾ ਛੱਡੋ ਜਿਹੜੇ ਥੋਡੇ ਅਧਿਕਾਰ
ਲੋੜ ਪਵੇ ਮੈਨੂੰ ਦੱਸੋ ਮੇਰੀ ਧੀਏ ਨੀ ਪੰਜਾਬ ਦੀਏ
ਸਦਾ ਸੁਖੀ ਵੱਸੋ.................

ਬਾਬਲੇ ਦੀ ਗੋਦੀ ਵਿਚ ਬਹੁਤ ਮੌਜਾਂ ਮਾਣੀਆਂ
ਜਦੋਂ ਲੋੜ ਪਵੇ ਬਣੋ ਝਾਂਸੀ ਦੀਆਂ ਰਾਣੀਆਂ
ਜੇ ਕੋਈ ਭਰੇ ਹੁੰਕਾਰ, ਮੇਰੀ ਧੀਏ ਨੀ ਪੰਜਾਬ ਦੀਏ
ਸਦਾ ਸੁਖੀ ਵੱਸੋ......................

ਦੇਵੋ ਗਲੀਆਂ 'ਚ ਹੋਕੇ, ਹੁਣ ਬੇਟੀ ਛਾਤੀ ਠੋਕੇ
ਹੁਣ ਕਰਕੇ ਪੜ੍ਹਾਈ ਮੈਂ ਬਰੋਬਰੀ ਤੇ ਆਈ
ਹੋਣਾ ਨਹੀਂ ਪੱਬਾਂ ਭਾਰ, ਮੇਰੀ ਧੀਏ ਨੀਂ ਪੰਜਾਬ ਦੀਏ
ਸਦਾ ਸੁਖੀ ਵਸੋ ਮੇਰੀ ਧੀਏ ਨੀ ਪੰਜਾਬ ਦੀਏ
ਖਿੜ ਖਿੜ ਹੱਸੋ ਮੇਰੀ ਧੀਏ ਨੀ ਪੰਜਾਬ ਦੀਏ।

## ਭੋਲੇ ਬੱਚੇ

ਮੇਰੇ ਜੇ ਕੁਝ ਲੱਗੋ ਦੁਨੀਆਂ ਵਾਲਿਓ
ਮੈਨੂੰ 'ਮੰਦ-ਬੁੱਧੀ' ਨਾ ਸੱਦੋ ਦੁਨੀਆਂ ਵਾਲਿਓ।

ਮੇਰੇ ਵਰਗੇ ਬੱਚੇ ਜਦ ਵੀ ਜੰਮਦੇ ਨੇ
ਅੜੋਸੀ ਅਤੇ ਪੜੋਸੀ ਥਰ-ਥਰ ਕੰਬਦੇ ਨੇ
ਰੱਬਾ ਕਿਸੇ ਨੂੰ ਐਸੀ ਨਾ ਸਜ਼ਾ ਦੇਣਾ
ਏਸ ਤਰ੍ਹਾਂ ਦਾ ਬੱਚਾ ਨਾ ਜਮਾਂ ਦੇਣਾ।

ਦੁਨੀਆਂ ਵਾਲਿਓ, ਆਪਣੇ ਕੋਲੋਂ ਡਰਦੇ ਹੋ
ਝੂਠੀ ਸ਼ਾਨ ਤੇ ਪੈਸੇ ਉਪਰ ਮਰਦੇ ਹੋ
ਨਾ ਕੱਲੇ ਨਾ ਰਲ ਕੇ ਹੀ ਕੁਝ ਕਰਦੇ ਹੋ
ਬੁੱਧੀ ਵਾਲੇ ਹੋਵਣ ਦਾ ਦਮ ਭਰਦੇ ਹੋ।

ਭੋਲੇ ਹੋਣਾ ਸ਼ਿਵ ਜੀ ਦਾ ਵਰਦਾਨ ਹੈ
ਭੋਲਾ ਬੰਦਾ ਹੀ ਸੱਚਾ ਇਨਸਾਨ ਹੈ।
ਦੁਨੀਆਂ ਦੇ ਵਿਚ ਜਿਤਨੇ ਸ਼ੈਤਾਨ ਹੋਏ ਨੇ
ਉਹ ਬੁੱਧੀ ਵਾਲੇ ਹੀ ਇਨਸਾਨ ਹੋਏ ਨੇ।

ਸਦ-ਬੁੱਧੀ ਜਦੋਂ ਮੰਦ-ਬੁੱਧੀ ਹੋ ਜਾਂਦੀ ਹੈ
ਓਦੋਂ ਇਸ ਦੁਨੀਆਂ ਵਿਚ ਪਰਲੋ ਆਂਦੀ ਹੈ
ਭੋਲਾ ਬੱਚਾ ਕਹਿ ਲਓ ਕੋਈ ਇਤਰਾਜ਼ ਨਹੀਂ
ਮੰਦੀ-ਬੁੱਧੀ ਕਹਿਣਾ ਤਾਂ ਕੋਈ ਇਨਸਾਫ ਨਹੀਂ।

'ਇਨੋਸ਼ੈਂਟ' ਜਾ ਭੋਲਾ ਤੁਸੀ ਹੋ ਕਹਿ ਸਕਦੇ।
ਮੰਦ-ਬੁੱਧੀ ਅਖਵਾਣਾ ਅਸੀਂ ਨਹੀਂ ਸਹਿ ਸਕਦੇ।
ਮੰਦ ਬੁੱਧੀ ਕਹਿ ਕੇ ਨਾ ਸਾਨੂੰ ਮਾਰ ਦਿਓ।
ਸਾਨੂੰ ਸਾਡੇ ਜੋਕਰਾ ਕੋਈ ਰੁਜ਼ਗਾਰ ਦਿਓ
ਮੇਰੇ ਜੇ ਕੁਝ ਲੱਗੋ ਦੁਨੀਆਂ ਵਾਲਿਓ
ਮੈਨੂੰ ਮੰਦ-ਬੁੱਧੀ ਨਾ ਸੱਦੋ ਦੁਨੀਆਂ ਵਾਲਿਓ।

## ਦਾਜ

ਜੇ ਤੂੰ ਮੰਗਣੈ ਦਾਜ
ਤਾਂ ਮੌਜਾਂ ਕਰ ਮੁੰਡਿਆ
ਫੇਰ ਤੂੰ ਆਪਣੇ ਘਰ,
ਮੈਂ ਆਪਣੇ ਘਰ ਮੁੰਡਿਆ।

ਸਭ ਦੇ ਘਰਾਂ 'ਚ ਧੀਆਂ
ਰੱਬ ਤੋਂ ਡਰ ਮੁੰਡਿਆ
ਮੈਂ ਨਹੀਂ ਸ਼ਾਦੀ ਕਰਨੀ
ਵੇਚ ਕੇ ਘਰ ਮੁੰਡਿਆ।

ਮੇਰੇ ਬਾਪ ਨੇ ਮੈਨੂੰ
ਖ਼ੂਬ ਪੜ੍ਹਾਇਆ ਹੈ,
ਕਿਸੇ ਦੇ ਮੂਹਰੇ
ਝੁਕਣਾ ਨਹੀਂ ਸਿਖਾਇਆ ਹੈ
ਨਾ ਤੂੰ ਮੈਨੂੰ ਘੂਰ
ਨਾ ਮੈਨੂੰ ਲੜ ਮੁੰਡਿਆ
ਜੇ ਤੂੰ ਮੰਗਣੈ................

ਤੇਰੇ ਪੱਕੇ ਮਹਿਲਾਂ
ਦੇ ਵਿਚ ਜਾਣਾ ਨਹੀਂ
ਦਾਜ ਦਾ ਖ਼ੱਫਣ
ਸ਼ਾਦੀ ਉਤੇ ਪਾਣਾ ਨਹੀਂ
ਮੈਂ ਨਹੀਂ ਸ਼ਾਦੀ ਕਰਨੀ
ਵੇਚ ਕੇ ਘਰ ਮੁੰਡਿਆ
ਜੇ ਤੂੰ ਮੰਗਣੈ ਦਾਜ.......

ਪਹਿਲਾਂ ਤੂੰ ਹੀ
ਮੂੰਹੋਂ ਮੂੰਹੀਂ ਕਹਿੰਦਾ ਸੀ
'ਮੈਂ ਤਾਂ ਦਾਜ ਦੇ ਨੇੜੇ
ਨਹੀਂ ਜਾਂਦਾ ਜੀ
ਹੁਣ ਤੂੰ ਕਾਰ ਖਰੀਦਣ
ਦੀ ਗੱਲ ਕਰਦਾ ਹੈਂ
ਪਤਾ ਨਹੀਂ ਕਿਹੜੀ ਕਿਹੜੀ
ਚੀਜ਼ ਤੇ ਮਰਦਾ ਹੈਂ।

ਮੰਗਣ ਵਾਲੇ ਮਰਨ
ਸਮਾਨ ਹੁੰਦੇ ਨੇ
ਮੇਰੀਆਂ ਨਜ਼ਰਾਂ ਵਿਚ
ਨਾ ਐਦਾਂ ਮਰ ਮੁੰਡਿਆ
ਜੇ ਤੂੰ ਮੰਗਣੈ ਦਾਜ.........

## ਮੌਸਮ ਗਾਲੋ ਗਾਲੀ ਦਾ

ਰੱਜ ਕੇ ਗਾਲਾਂ ਕੱਢੋ ਜੀ
ਮੌਸਮ ਹੈ ਗਾਲੋ ਗਾਲੀ ਦਾ
ਹੁਣ ਪਿੱਛੇ ਕੁਝ ਨਾ ਛੱਡੋ ਜੀ
ਮੌਸਮ ਹੈ ਗਾਲੋ ਗਾਲੀ ਦਾ।

ਤੂੰ ਚਮਚਾ ਹੈ ਅੰਬਾਨੀ ਦਾ
ਤੂੰ ਗੰਦਾ ਕੀੜਾ ਨਾਲੀ ਦਾ
ਰੱਜ ਕੇ ਗਾਲਾਂ ਕੱਢੋ ਜੀ
ਮੌਸਮ ਹੈ ਗਾਲੋ ਗਾਲੀ ਦਾ

ਤੂੰ ਲੋਕਲ ਨਹੀਂ ਬਾਹਰੀ ਹੈਂ
ਤੂੰ ਬੁੱਢੀ ਖੱਪਰ ਨਾਰੀ ਹੈਂ।
ਤੂੰ ਲੀਡਰ ਨਹੀਂ ਵਪਾਰੀ ਹੈਂ
ਤੂੰ ਕਾਂਗਰਸ ਦੀ ਸਵਾਰੀ ਹੈਂ।
ਰੱਜ ਕੇ ਗਾਲਾਂ ਕੱਢੋ ਜੀ.......

ਤੂੰ ਜਨਮ ਜਾਤ ਦਾ ਚੋਰ ਹੈਂ
ਤੂੰ ਪੱਕਾ ਰਿਸ਼ਵਤ ਖੋਰ ਹੈਂ
ਤੂੰ ਜੱਦੀ ਪੁਸ਼ਤੀ ਨੇਤਾ ਹੈਂ
ਤੂੰ ਬੰਦਾ ਨਹੀਂ ਅਭਿਨੇਤਾ ਹੈਂ
ਰੱਜ ਕੇ ਗਾਲਾਂ ਕੱਢੋ ਜੀ..........

ਤੇਰੀ ਬੋਟੀ ਬੋਟੀ ਕੱਟ ਦਿਆਂਗੇ
ਤੇਰੇ ਸਿਰ ਤੋਂ ਚੋਟੀ ਕੱਟ ਦਿਆਂਗੇ
ਤੈਨੂੰ ਸਾਗਰ ਦੇ ਵਿੱਚ ਸੁੱਟ ਦਿਆਂਗੇ
ਸਾਡੇ ਵੱਲ ਆਇਆ ਕੁੱਟ ਦਿਆਂਗੇ।
ਰੱਜ ਕੇ ਗਾਲਾਂ ਕੱਢੋ ਜੀ...........

ਤੂੰ ਹਿੱਲਿਆ ਹੋਇਆ ਬੰਦਾ ਹੈਂ
ਤੂੰ ਪਾਗਲ ਖਾਨੇ ਚੰਗਾ ਹੈਂ
ਤੂੰ ਨੇਤਾ ਨਹੀਂ ਹਤਿਆਰਾਂ ਹੈਂ
ਤੂੰ ਵਿਆਹਿਆ ਨਹੀਂ ਕੁਆਰਾ ਹੈਂ।
ਰੱਜ ਕੇ ਗਾਲਾਂ ਕੱਢੋ ਜੀ.........

ਤੂੰ ਭਾਸ਼ਣ ਪੜ੍ਹ ਕੇ ਕਰਦਾ ਹੈਂ
ਜਨਤਾ ਵਿੱਚ ਜਾਣ ਤੋਂ ਡਰਦਾ ਹੈਂ
ਤੂੰ ਦੇਸੀ ਨਹੀਂ ਵਿਦੇਸ਼ੀ ਹੈਂ
ਤੂੰ ਦੰਭੀ ਹੈਂ ਤੂੰ ਭੇਸੀ ਹੈਂ
ਰੱਜ ਕੇ ਗਾਲਾਂ ਕੱਢੋ ਜੀ........

## ਨਹੀਂ ਸੋਚਿਆ ਸੀ

ਕੋਈ ਐਸਾ ਝੱਖੜ ਝੁਲ ਜੂਗਾ
ਹਰ ਗਲੀ 'ਚ ਠੇਕਾ ਖੁੱਲ੍ਹ ਜੂਗਾ
ਸੰਵਿਧਾਨ ਪੈਰਾਂ ਵਿਚ ਰੁਲ ਜੂਗਾ
ਕਦੇ ਸੋਚਿਆ ਸੀ, ਤੁਸੀਂ ਸੋਚਿਆ ਸੀ ?
ਨਹੀਂ ਸੋਚਿਆ ਸੀ।

ਐਸੇ ਵੀ ਹਾਕਮ ਆਵਣਗੇ
ਜਨਤਾ ਨੂੰ ਜ਼ਹਿਰ ਪਿਲਾਵਣਗੇ
ਜੋ ਪੀਵਣਗੇ ਮੁਸਕਾਵਣਗੇ
ਕਦੇ ਸੋਚਿਆ ਸੀ ?

ਕੁੜੀਆਂ ਵੀ ਪੈੱਗ ਲਗੌਣਗੀਆ
ਪੱਬਾਂ ਵਿਚ ਰੌਣਕ ਲੌਣਗੀਆਂ
ਘਰੇ ਪੀ. ਸੀ. ਆਰ. 'ਚ ਔਣਗੀਆਂ
ਕਦੇ ਸੋਚਿਆ ਸੀ ?

ਬਈ ਨਹੀਂ ਰੀਸਾਂ ਪੰਜਾਬ ਦੀਆਂ
ਨਦੀਆਂ ਹੀ ਵਹਿਣ ਸ਼ਰਾਬ ਦੀਆਂ
ਬਾਕੀ ਸਭ ਗੱਲਾਂ ਖ਼ਾਬ ਦੀਆਂ।
ਕਦੇ ਸੋਚਿਆ ਸੀ ?

ਲਗਦੈ ਸਵਰਾਜ ਆਇਆ ਨਹੀਂ
ਅਸੀਂ ਬਾਪੂ ਗਾਂਧੀ ਦਾ ਫੋਟੋ
ਅਜੇ ਠੇਕਿਆਂ ਅੰਦਰ ਲਾਇਆ ਨਹੀਂ।
ਕਦੇ ਸੋਚਿਆ ਸੀ ?

## ਟੌਲ ਟੈਕਸ

ਸੰਵਿਧਾਨ ਦੇ ਅੰਦਰ ਮਿਲਿਆ ਸਾਨੂੰ
ਹੱਕ ਹੈ ਸਭ ਥਾਂ ਜਾਣ ਦਾ
ਫਿਰ ਵੀ ਟੈਕਸ ਦੇਣਾ ਪੈਂਦਾ
ਸੜਕ ਦੇ ਉੱਤੇ ਆਣ ਦਾ।

ਦਾੜ੍ਹੀ ਨਾਲੋਂ ਮੁੱਛਾਂ ਵਧੀਆ
ਖਰਚਾ ਏਨਾ ਟੌਲ ਦਾ
ਮੈਨੂੰ ਏਦਾਂ ਲਗਦਾ ਹੈ ਕਿ
ਖਰਚਾ ਘਟ ਪਟਰੌਲ ਦਾ

ਖਾਲੀ ਜੇਬੀਂ ਜੇਲ੍ਹ ’ਚੋਂ ਕੈਦੀ
ਗੱਡੀ ਲੈ ਕੇ ਭੱਜੇ
ਲੱਭਣ ਐਸੀ ਸੜਕ ਵਿਚਾਰੇ
ਜਿੱਥੇ ਟੌਲ ਨਾ ਲੱਗੇ।

ਚੁੰਗੀ ਦੀ ਜੋ ਚੋਰੀ ਕਰਦੇ
ਕੱਚੇ ਰਾਹ ਤੋਂ ਜਾਂਦੇ
ਸਾਰਾ ਸ਼ਹਿਰ ਟਪਾ ਕੇ ਸੀ
ਉਹ ਪੱਕੀ ਸੜਕ ਤੇ ਆਂਦੇ।

ਹੁਣ ਨਾ ਚੱਲੇ ਕੋਈ ਚਤੁਰਾਈ
ਥਾਂ ਥਾਂ ਲੱਗੇ ਨਾਕੇ।
‘ਆਣ-ਜਾਣ ਦੀ’ ਕੱਟ ਦੇ ਭਾਈ
ਕਹਿੰਦੇ  ਕੋਲੇ ਆ ਕੇ।

ਬਚਿਆ ਨਹੀਂ ਹੁਣ ਕੋਈ ਤਰੀਕਾ
ਅੱਖੀਂ ਘੱਟਾ ਪੌਣ ਦਾ।
ਸੰਵਿਧਾਨ ਦੇ ਅੰਦਰ ਮਿਲਿਆ ਸਾਨੂੰ........

ਨਾ ਰੱਬਾ ਤੂੰ
ਟੈਕਸ ਲਾਈਂ
ਗੱਡੀ ਸੜਕ ਤੇ ਲੌਣ ਦਾ
ਡਰਾਈਵਰਾਂ ਕੋਲੋਂ ਨਾ ਖੋਹੀਂ ਤੂੰ,
ਹੱਕ ਸੜਕ ਤੇ ਸੌਣ ਦਾ।

ਸੰਵਿਧਾਨ ਦੇ ਅੰਦਰ ਮਿਲਿਆ ਸਾਨੂੰ
ਹੱਕ ਹੈ ਸਭ ਥਾਂ ਜਾਣ ਦਾ
ਫਿਰ ਵੀ ਟੈਕਸ ਦੇਣਾ ਪੇਂਦਾ
ਸੜਕ ਦੇ ਉੱਤੇ ਆਣ ਦਾ।

## ਖਟਕੜ-ਕਲਾਂ ਦਾ ਹਾਲ

ਤੇਰੀ ਮਿੱਟੀ ਦੀ ਸਹੁੰ ਚੁਕਦੇ
ਸਾਰੇ ਲੀਡਰ ਅਤੇ ਗ਼ਦਾਰ
ਕੋਈ ਤਾਂ ਧੋਖਾ ਕਰਕੇ ਚੜ੍ਹ ਗਿਆ
ਬਾਕੀ ਡਿੱਗੇ ਮੂੰਹ ਦੇ ਭਾਰ।
ਬਹੁਤੇ ਤੇਰੇ ਨਾਂ ਤੇ ਕਰ ਗਏ
ਅਰਬਾਂ ਖਰਬਾਂ ਦਾ ਵਿਉਪਾਰ
ਕੁਝ ਤਾਂ ਚੋਰੀ ਕਰਦੇ ਫੜੇ ਗਏ
ਬਹੁਤੇ ਗਏ ਸਮੁੰਦਰੋਂ ਪਾਰ
ਓਥੇ ਤੇਰੇ ਨਾਂ ਤੇ ਮੰਗਦੇ
ਡਾਲਰ ਲੱਖਾਂ ਅਤੇ ਹਜ਼ਾਰ
ਸਾਰੇ ਆ ਕੇ ਮੱਥਾ ਟੇਕਦੇ
ਸਾਲ ਦੇ ਅੰਦਰ ਦੋ ਦੋ ਵਾਰ।

ਤੇਰੀ ਜੱਦੀ ਘਰ ਨੂੰ ਵੇਖ ਕੇ
ਮੁੜਦੇ ਵੱਡੇ ਵੱਡੇ ਸਾਹਬ।
ਫਿਰ ਵੀ ਵੇਖ ਕੇ ਵੀ ਅਣਗੌਲਦੇ
ਕੱਚੀਆਂ ਕੰਧਾਂ ਉਤੇ ਸਿਲ੍ਹਾਬ।
ਤੇਰਾ ਹਾਈ ਸਕੂਲ ਨਹੀਂ ਵੇਖਦੇ
ਜਿਸ ਦਾ ਹੁਲੀਆ ਹੋਇਆ ਖਰਾਬ।
ਤਿੰਨ ਦਹਾਕੇ ਪਹਿਲਾਂ ਬਣਿਆ
ਪਹਿਲੀ ਮੰਜ਼ਲ ਉੱਤੇ ਹਾਲ
ਉਹਦੇ ਫਰਸ਼ ਵਿੱਚੇ ਰਹਿ ਗਏ
ਛੱਤਾਂ ਕੰਧਾਂ ਖਸਤਾ ਹਾਲ
ਲਗਦੈ ਸੂਬੇ ਦੀ ਸਰਕਾਰ ਨੂੰ
ਪੈ ਗਿਆ ਫੰਡਾਂ ਦਾ ਹੀ ਕਾਲ।

ਉਹਦੇ ਅੰਦਰ ਹੋਰ ਸਕੂਲ ਹੈ
ਜਿਥੇ ਪੜ੍ਹਦੇ ਛੋਟੇ ਬਾਲ–
ਅੱਜ ਵੀ ਤੱਪੜਾਂ ਉਪਰ ਬੈਠਦੇ
ਮੇਰੀ ਖਟਕੜ ਕਲਾਂ ਦੇ ਲਾਲ
ਛੱਤਾਂ ਮੀਂਹ ਆਵਣ ਤੇ ਚੌਂਦੀਆਂ
ਕਰਦੀ ਬਾਰਸ਼ ਮਾੜਾ ਹਾਲ
ਬੀ. ਡੀ. ਪੀ. ਓ. ਗੱਲ ਨਹੀਂ ਸੁਣਦਾ
ਮੈਨੂੰ ਟੀਚਰ ਦਸਦੇ ਹਾਲ।

ਮੇਰੇ ਦਿਲ ਦੇ ਉਪਰ ਬੋਝ ਸੀ,
ਯਾਰੋ ਵੰਡ ਲਿਆ ਥੋਡੇ ਨਾਲ
ਜੇਕਰ ਸ਼ਾਸਨ ਨਹੀਓਂ ਚੇਤਦਾ
ਯਾਰਾ ਮਿਲ ਕੇ ਹਮਲਾ ਮਾਰ
ਇਥੇ ਕਿਹੜੇ ਅਰਬਾਂ ਖਰਚਣੇ।
ਸਾਰੀ ਵੀਹ ਤੀਹ ਲੱਖ ਦੀ ਮਾਰ
ਇੱਟਾਂ ਗਾਰਾ ਸਿਰ ਤੇ ਚੁੱਕ ਲਓ
ਰੱਖੋ ਲੀਡਰਾਂ ਤਾਈਂ ਬਾਹਰ।
ਲਗਦੈ ਏਸੇ ਤਰ੍ਹਾਂ ਹੀ ਜਾਗਣੀ
ਮੇਰੇ ਸੂਬੇ ਦੀ ਸਰਕਾਰ।

## ਸਿਹਤ ਦਾ ਅਧਿਕਾਰ

ਮੈਂ ਸੀ ਰੋਂਦਾ ਕਮਰਿਆਂ ਨੂੰ
ਐਪਰ ਸੁਣ ਲਈ ਨਵੀਂ ਕਹਾਣੀ
ਸਾਡੇ ਸਭ ਸਕੂਲਾਂ ਦਾ
ਲਗਭਗ ਬਹੁਤ ਹੀ ਮਾੜਾ ਪਾਣੀ।

ਸੈਂਪਲ ਫ਼ੇਲ ਹੋ ਗਏ ਜੀ,
ਮਾਛੀਵਾੜੇ ਨਾਲੇ ਮੋਗੇ
ਐਨਾ ਮਾੜਾ ਪਾਣੀ ਜੀ
ਬੱਚੇ ਪਾਣੀ ਪੀਣ ਨਹੀਂ ਜੋਗੇ।

ਸਾਨੂੰ ਮਿਲੀ ਆਜ਼ਾਦੀ ਨੂੰ
ਹੋ ਗਏ ਛਿਆਟ ਸਾਲ ਤੋਂ ਜ਼ਿਆਦਾ
ਸਾਨੂੰ ਅੱਜ ਵੀ ਨਹੀਂ ਮਿਲਿਆ
ਪਾਣੀ ਸੁਥਰਾ ਸਾਫ਼ ਤੇ ਸਾਦਾ।

ਚੋਣ-ਮਨੋਰਥ ਪੱਤਰਾਂ ਦੀ ਵੀ
ਏਥੇ ਵੇਖੀ ਅਜਬ ਕਹਾਣੀ
ਕੋਈ ਵੀ ਪਾਰਟੀ ਨਹੀਂ ਕਹਿੰਦੀ
ਦੇਵਾਂਗੇ ਅਸੀਂ ਸੁਥਰਾ ਪਾਣੀ।

ਗੁਰਦੇ, ਦਿਲ ਤੇ ਕੈਂਸਰ ਦਾ
ਜੇਕਰ ਮੰਗੀਏ ਮੁਫਤ ਇਲਾਜ
ਏਹਨਾਂ ਜਾਇਜ਼ ਮੰਗਾਂ ਤੇ ਵੀ
ਸਾਡੇ ਨੇਤਾ ਕਰਨ ਵਿਵਾਦ।

## ਜੱਟ ਪਛੜ ਗਿਆ

ਜਿਸਦੀ ਬੱਕੀ ਤੋਂ ਡਰਨ ਫ਼ਰਿਸ਼ਤੇ
ਅਤੇ ਜਿਸਤੋਂ ਡਰੇ ਖ਼ੁਦਾ
ਉਸ ਨੂੰ ਬੀਜ-ਖਾਦ ਨੇ ਖਾ ਲਿਆ
ਡੀਜ਼ਲ ਨੇ ਕੀਤਾ ਤਬਾਹ
ਉਹ ਨਸ਼ਿਆਂ ਹੱਥੀਂ ਚੜ੍ਹ ਗਿਆ
ਤੇ ਐਸਾ ਹੋਇਆ ਫ਼ਨਾਹ
ਹੁਣ ਪਿਛੜ ਗਿਆ ਐਲਾਨਿਆਂ
ਜਿਹੜਾ ਹੁੰਦਾ ਸੀ ਸਰਦਾਰ
ਮੈਨੂੰ ਲੱਗਦਾ ਹੈ ਕਿ ਪਿਛੜ ਗਈ
ਮੇਰੇ ਸੂਬੇ ਦੀ ਸਰਕਾਰ
ਜਿਹਨੂੰ ਪਏ ਸੀ ਜੱਟ ਚਲੌਂਦੇ
ਜਾਂ ਫਿਰ ਵੱਡੇ ਸ਼ਾਹੂਕਾਰ
ਜਿਹੜੇ ਲੂਣ ਤੇਲ ਪਏ ਵੇਚਦੇ
ਉਹ ਵੀ ਛੱਡਣਗੇ ਹਥਿਆਰ
ਉਹ ਵੀ ਪਿਛੜਣ ਦੇ ਲਈ ਲੜਣਗੇ
ਮੱਚੂਗੀ ਹਾ ਹਾ ਕਾਰ।
ਉਂਝ ਵੀ ਕਿੱਥੇ ਬਚੀਆਂ ਨੌਕਰੀਆਂ
ਚਲਦੀ ਠੇਕੇ ਤੇ ਸਰਕਾਰ।
ਆਊਟ-ਸੌਰਸ ਹੋਈਆਂ ਨੌਕਰੀਆਂ
ਬਣ ਗਏ ਮਾਲਕ ਠੇਕੇਦਾਰ
ਹੁਣ ਛਡ ਕੇ ਜਿਮੇਦਾਰੀਆਂ
ਮੇਰੀ ਭੱਜ ਗਈ ਸਰਕਾਰ
ਹੁਣ ਤੂੰ ਹੋਰ ਕੀ ਕਰਨਾ ਦੱਸਦੇ
ਮੇਰੇ ਸੱਚੇ ਪਾਤਸ਼ਾਹ
ਮੈਨੂੰ ਲੱਗਦਾ ਕੁਝ ਨਹੀਂ ਬਚਿਆ
ਦਾਤਾ ਅੰਨ ਦਾ ਹੋਇਆ ਤਬਾਹ।

## ਖਟਕੜ-ਕਲਾਂ ਜਾਣ ਵਾਲਿਓ

ਖਟਕੜ ਕਲਾਂ ਜਾਣ ਵਾਲਿਓ
ਕੁਝ ਸਿਖ ਕੇ ਆਇਉ ਜੀ
ਝੂਠੀ ਸਹੁੰ ਖਾਣ ਵਾਲਿਓ
ਮਿੱਟੀ ਸਿਰ 'ਚ ਨਾ ਪਾਇਓ ਜੀ।

ਜੱਦੀ ਘਰ ਜਾਣ ਵਾਲਿਓ,
ਕੁਝ ਵੇਖ ਕੇ ਆਇਓ ਜੀ
ਕੰਧਾਂ ਤੇ ਸਿਲ੍ਹਾਬ ਚੜ੍ਹ ਗਈ
ਝਾਤ ਏਸ ਤੇ ਵੀ ਪਾਇਓ ਜੀ।

ਉੱਡ ਜੇ ਪਤੰਗ ਬਣ ਕੇ
ਜੇ ਸ਼ਰਮ ਹਯਾ ਦਾ ਗਹਿਣਾ
ਫਿਰ ਤੁਸੀਂ ਨੇਤਾ ਜੀ
ਕੀ ਖਟਕੜ-ਕਲਾਂ ਤੋਂ ਲੈਣਾ।

ਸਰ੍ਹੋਂ ਫੁੱਲੀ ਪੱਗ ਬੰਨ੍ਹ ਲਓ
ਭਾਵੇਂ ਰੰਗ ਲੋ ਬਸੰਤੀ ਚੋਲੇ।
ਹੁਣ ਤੁਸੀਂ ਨੇਤਾ ਜੀ,
ਕੱਖਾਂ ਨਾਲੋਂ ਹੌਲੇ,
ਜਨਤਾ ਦੀਆਂ ਨਜ਼ਰਾਂ 'ਚ
ਕੱਖਾਂ ਨਾਲੋਂ ਹੌਲੇ।

ਮੁਢਲਾ ਸਕੂਲ ਏਥੋਂ ਦਾ
ਡਿੱਗ ਪਊਂ ਡਿੱਗ ਪਊਂ ਕਰਦਾ
ਫਿਰ ਵੀ ਕੋਈ ਨੇਤਾ
ਹੌਕਾ ਵੀ ਨਹੀਂ ਭਰਦਾ।

ਖਟਕੜ ਕਲਾਂ ਜਾਣ ਵਾਲਿਓ
ਕੁਝ ਸਿੱਖ ਕੇ ਆਇਓ ਜੀ
ਝੂਠੀ ਸਹੁੰ ਖਾਣ ਵਾਲਿਓ
ਮਿੱਟੀ ਸਿਰ 'ਚ ਨਾ ਪਾਇਓ ਜੀ।

## ਮੇਰੀਆਂ ਕਮਜ਼ੋਰੀਆਂ

ਮੇਰੇ ਵਿਚ ਹੋਣ ਨਾ ਜੇ ਕਮਜ਼ੋਰੀਆਂ
ਕਰਾਂ ਅਸਮਾਨ ਦੇ ਮੈਂ ਵਿੱਚ ਮੋਰੀਆਂ।

ਜ਼ਹਿਰ ਦਾ ਵਪਾਰੀ ਅੱਜ ਫੇਰ ਆ ਗਿਆ
ਹਰੇ ਹਰੇ ਨੋਟ ਜੇਬ ਵਿੱਚ ਪਾ ਗਿਆ
ਅੱਜ ਫੇਰ ਫ਼ੀਸ ਲੈ ਕੇ ਮੋੜ ਦਿੱਤੀ ਮੈਂ
ਕਸਮ ਨਿਭਾਈ ਨਾਲੇ ਤੋੜ ਦਿੱਤੀ ਮੈਂ
ਗੱਲਾਂ ਦਰਵੇਸ਼ ਅੱਜ ਕਰੇ ਕੋਰੀਆਂ
ਮੇਰੇ ਵਿਚ ਹੋਣ ਨਾ ਜੇ ਕਮਜ਼ੋਰੀਆਂ.........

ਦਿਲ ਵਿਚ ਕਈ ਵਾਰ ਨਾਂਹ ਕੀਤੀ ਮੈਂ
ਫੈਸਲੇ ਦੀ ਘੜੀ ਆਈ ਹਾਂ ਕੀਤੀ ਮੈਂ
ਕੋਲ ਬਹਿ ਕੇ ਜਦੋਂ ਪੁੱਛਿਆ ਜ਼ਮੀਰ ਨੂੰ
ਵਾਪਸ ਬੁਲਾਇਆ ਛੱਡੇ ਹੋਏ ਤੀਰ ਨੂੰ
ਗੱਲਾਂ ਦਰਵੇਸ਼ ਅੱਜ ਕਰੇ ਕੋਰੀਆਂ
ਮੇਰੇ ਵਿਚ ਹੋਣ ਨਾ ਜੇ ਕਮਜ਼ੋਰੀਆਂ।

ਕਿਉਂ ਨਹੀਂ ਅੜੀਏ ਤੂੰ ਟਾਈਮ ਸਿਰ ਬੋਲਦੀ,
ਦਿਲ ਵਾਲੇ ਭੇਤ ਪਹਿਲਾਂ ਕਿਉਂ ਨੀਂ ਖੋਲ੍ਹਦੀ
ਅੱਜ ਮੈਂ ਉਲਾਂਭਾ ਦਿੱਤਾ ਮਹਾਰਾਣੀ ਨੂੰ
ਕਿਉਂ ਤੜਫਾਵੇਂ ਘੁੱਟ ਘੁੱਟ ਪਾਣੀ ਨੂੰ
ਅੱਜ ਮੈਂ ਜ਼ਮੀਰ ਨਾਲ ਗੱਲਾਂ ਤੋਰੀਆਂ
ਮੇਰੇ ਵਿੱਚ ਹੋਣ ਨਾ ਜੇ ਕਮਜ਼ੋਰੀਆਂ।

## ਮੁੱਢਲੀ ਵਿੱਦਿਆ

ਆਓ ਲੋਕੋ ਗੱਲ ਸੁਣਾਵਾਂ
ਮੁੱਢਲੀ ਵਿੱਦਿਆ ਰਾਣੀ ਦੀ
ਬੜੀ ਸਮੱਸਿਆ ਬਿਲਡਿੰਗ ਦੀ
ਟੀਚਰ ਦੀ ਤੇ ਪਾਣੀ ਦੀ।

ਪੰਜ ਜਮਾਤਾਂ ਇਕੋ ਟੀਚਰ
ਜ਼ਿਲ੍ਹਾ ਪ੍ਰੀਸ਼ਦ ਦੇਂਦੀ ਹੈ
ਦੂਜਾ ਟੀਚਰ ਵੀ ਦੇਵਾਂਗੇ
ਪੁੱਛੋ ਤਾਂ ਇਹ ਕਹਿੰਦੀ ਹੈ।

ਸਿੱਖਿਆ ਦਾ ਅਧਿਕਾਰ ਕਾਨੂੰਨ
ਚੀਖ ਚੀਖ ਕੇ ਕਹਿੰਦਾ ਹੈ।
ਸੱਠ ਬੱਚਿਆਂ ਤੋਂ ਥੱਲੇ
ਦੂਜਾ ਟੀਚਰ ਦੇਣਾ ਪੈਂਦਾ ਹੈ।
ਸੱਠ ਬੱਚਿਆਂ ਤੋਂ ਵਧ ਜਾਵਣ
ਤਾਂ ਤੀਜਾ ਟੀਚਰ ਦੇਣਾ ਹੈ
ਦੱਸ ਮੇਰੀ ਸਰਕਾਰੇ ਤੇਰਾ
ਇਸ ਗੱਲ 'ਤੇ ਕੀ ਕਹਿਣਾ ਹੈ ?

ਕਿਧਰੇ ਮਿੱਠਾ ਕਿਧਰੇ ਖਾਰਾ
ਕਿਧਰੇ ਹਲਕਾ ਕਿਧਰੇ ਭਾਰਾ
ਸ਼ਰਬਤ ਵਾਂਗੂ ਪੀਵਣ ਬੱਚੇ
ਘੁੱਟ ਘੁੱਟ ਕਰ ਕੇ ਪਾਣੀ ਜੀ
ਆਉ ਲੋਕੋ................

ਕਮਰੇ ਡਿੱਗੂੰ ਡਿੱਗੂੰ ਕਰਦੇ
ਬੱਚੇ ਅੰਦਰ ਵੜਣ ਤੋਂ ਡਰਦੇ
ਤਪੜਾਂ ਉਪਰ ਬਾਹਰ ਬੇਠ ਕੇ
ਪੜ੍ਹਦੇ ਨਵੀਂ ਕਹਾਣੀ ਜੀ
ਆਓ ਲੋਕੋ............

ਧੁੱਪ ਦੇ ਨਾਲ ਖਿਸਕਦੇ ਰਹਿੰਦੇ
ਵਾਰੀ ਵਾਰੀ ਛਾਵੇਂ ਬਹਿੰਦੇ
ਵਿਦਿਆ ਵਾਂਗਰ ਵਿੱਚ ਸਕੂਲਾਂ
ਧੁੱਪ ਵੀ ਡੰਗ-ਟਪਾਣੀ ਜੀ
ਆਓ ਲੋਕੋ.............

## ਮੁੱਢਲੀ ਸਿੱਖਿਆ ਨੂੰ

ਤੇਰੇ ਤਾਂ ਬਚੜੇ ਪੜ੍ਹਣ ਸਨਾਵਰ, ਮੇਰਿਆਂ ਨੂੰ ਨਾ ਮਾਰ,
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਤੇਰੇ ਤਾਂ ਬਚੜੇ ਕਾਰ 'ਚ ਜਾਂਦੇ, ਮੇਰੇ ਪੈਦਲ ਸਵਾਰ
ਮੁਢਲੀ ਸਿੱਖਆ ਨੂੰ, ਅੜੀਏ ਐਵੇਂ ਨਾ ਉਜਾੜ।

ਕਿਉਂ ਤੂੰ ਸਿਰਫ ਅਮੀਰਾਂ ਦੀ ਹੀ ਹੋ ਗਈ ਹੈਂ ਸਰਕਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਮੇਰੇ ਸਕੂਲ ਦੇ ਕਮਰੇ ਢਹਿ ਗਏ, ਹੋ ਗਿਆ ਬੰਟਾ-ਧਾਰ
ਮੁੱਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਬਿਨਾਂ ਫੀਸ ਤੋਂ ਪੜ੍ਹ ਜਾਣ ਬੱਚੇ, ਹੋਵਾਂ ਸ਼ੁਕਰ-ਗੁਜ਼ਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਪੜ੍ਹਨ ਬਹਾਨੇ ਵਿੱਚ ਸਕੂਲੇ, ਫੁਲਕੇ ਮਿਲਦੇ ਚਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਮੇਰੇ ਪਿੰਡ ਦੀਆਂ ਬੱਚੀਆਂ ਕੀਕਣ ਪਿੰਡ ਤੋਂ ਜਾਵਣ ਬਾਹਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਮੇਰੇ ਸਕੂਲ ਵਿੱਚ ਬਿਜਲੀ ਹੈ ਨਹੀਂ, ਖਿੱਚੀ ਕਿਧਰੋਂ ਤਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਮੇਰੇ ਸਕੂਲ ਵਿਚ ਟੀਚਰ ਦੇਣੇ ਭੁੱਲ ਗਈ ਹੈ ਸਰਕਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਮੇਰੇ ਸਕੂਲ ਦਾ ਪਾਣੀ ਖਾਰਾ, ਕੁਦਰਤ ਦੀ ਵੀ ਮਾਰ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

ਨਸ਼ਿਆਂ ਦੇ ਵਿੱਚ ਪੈ ਜਾਵਣਗੇ ਛੋਟੇ ਛੋਟੇ ਬਾਲ
ਮੁਢਲੀ ਸਿੱਖਿਆ ਨੂੰ, ਅੜੀਏ ਐਵੇਂ ਨਾ ਉਜਾੜ।

## ਕੈਂਸਰ

ਕੈਂਸਰ ਖਾ ਗਿਆ ਬਾਪੂ ਨੂੰ, ਚਾਚੇ ਨੂੰ ਅਤੇ ਤਾਏ ਨੂੰ
ਕੈਂਸਰ ਖਾ ਗਿਆ ਪੁੱਤਰ ਨੂੰ, ਨਾਲੇ ਅੰਮਾ ਜਾਏ ਨੂੰ।
ਸਾਰੇ ਪਿੰਡ ਨੂੰ ਕੈਂਸਰ ਖਾ ਗਿਆ ਜਨਤਾ ਚੀਖਾਂ ਮਾਰਦੀ
ਕੁਝ ਤਾਂ ਗਲਤੀ ਹੋਊ ਕਿਧਰੇ, ਸਾਡੀ ਇਸ ਸਰਕਾਰ ਦੀ।

ਕੈਂਸਰ ਸ਼ੇਰ ਤੇ ਜਨਤਾ ਗਿੱਦੜ, ਮਾਲਵਾ ਜੰਗਲ ਬਣਿਆਂ ਹੈ
ਇੱਕਾ ਦੁੱਕਾ ਵਿਰਲਾ ਹੀ ਕੋਈ ਕੈਂਸਰ ਮੂਹਰੇ ਤਣਿਆਂ ਹੈ।
ਥਰਮਲ ਦੇ ਧੂੰਏਂ ਨੇ ਪੀਤਾ ਮਾਲਵੇ ਦੀਆਂ ਹਵਾਵਾਂ ਨੂੰ
ਦੂਸ਼ਤ ਪਾਣੀ ਪਾ ਕੇ ਜੀਂਦੇ ਪੁੱਤ ਪਿਆਰੇ ਮਾਵਾਂ ਨੂੰ।

ਪਿੰਡਾਂ ਦੇ ਪਿੰਡ ਖਾ ਗਿਆ ਕੈਂਸਰ ਤੈਨੂੰ ਦਰਦ ਨਹੀਂ ਆਇਆ
ਨਾਕਾਮੀ ਸਰਕਾਰ ਦੀ ਫਿਰਦੀ ਬਣ ਕੇ ਮੌਤ ਦਾ ਸਾਇਆ।
ਮਰ ਕੇ ਕੋਈ ਵਾਪਸ ਨਹੀਂ ਔਂਦਾ ਸਾਰੀ ਦੁਨੀਆਂ ਜਾਣੇ
ਕੁਝ ਤਾਂ ਜ਼ਿੰਦਗੀ ਸੌਖੀ ਹੋ ਜਾਏ ਜੇ ਦੇਵੇਂ ਹਰਜਾਨੇ।

‘ਰਾਜ-ਕੋਸ਼’ ਤੇ ‘ਰਾਜ ਦੀ ਮਾਤਾ’ ਕੈਂਸਰ ਮੂਹਰੇ ਹਾਰ ਗਏ
ਬੇਸ਼ੱਕ ਜੰਗ ਲੜਨ ਦੀ ਖਾਤਰ ਸੱਤ ਸਮੁੰਦਰ ਪਾਰ ਗਏ।
ਡੇਢ ਲੱਖ ਨਾਲ ਕੁਝ ਨਹੀਂ ਬਣਦਾ, ਸੁਣ ਮੇਰੀ ਸਰਕਾਰੇ
ਥੋੜੇ ਬਹੁਤੇ ਮਿਲ ਜਾਦੇ ਨੇ ਬੇਸ਼ੱਕ ਸਾਹ ਉਧਾਰੇ।

ਜੇ ਚਾਹੇ ਸਰਕਾਰ ਤਾਂ ਲਿਖ ਸਕਦੀ ਹੈ ਨਵੀਂ ਕਹਾਣੀ
ਮਾਲਵੇ ਦੇ ਪਿੰਡਾਂ ਨੂੰ ਦੇਵੇ ਸਾਫ਼ ਤੇ ਸੁਥਰਾ ਪਾਣੀ।

## ਆਰ. ਟੀ. ਆਈ

ਆਰ. ਟੀ. ਆਈ. ਬਈ ਆਰ. ਟੀ. ਆਈ.
ਹਰ ਪਾਸੇ ਹੈ ਸ਼ੋਰ
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

ਚੋਰ ਤਾਂ ਪਏ ਸੀ ਪੈਲਾਂ ਪੌਂਦੇ
ਟੁੱਟ ਕੇ ਪੈ ਗਏ ਮੋਰ
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

ਬੁੱਲ੍ਹੇਸ਼ਾਹ ਨੇ ਕਦੋਂ ਦਾ ਦੱਸਿਆ
ਬੁੱਕਲ ਦੇ ਵਿਚ ਚੋਰ
ਮੇਰੇ ਹਾਣੀਆਂ, ਅਸੀਂ ਸਮਝ ਗਏ ਹੋਰ।

ਭਾਗੋ ਚੱਕੀ ਪੀਹਣਗੇ ਹੁਣ ਤਾਂ
ਲਾਲੋ ਫੜਣਗੇ ਜ਼ੋਰ,
ਮੇਰੇ ਹਾਣੀਆਂ, ਚੋਰਾਂ ਨੂੰ ਪੈਣਗੇ ਮੋਰ।

ਲਾਕਰ ਦੇ ਵਿੱਚ ਕਈ ਕਰੋੜਾਂ
ਵਿੱਚ ਵਿਦੇਸ਼ਾਂ ਹੋਰ।
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

ਜੇ ਤੂੰ ਵਿੱਚ ਸਮੁੰਦਰ ਲੁਕਿਆ
ਅਸੀਂ ਵੀ ਗੋਤਾਖੋਰ
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

ਲੈ ਕੇ ਨਾਮ ਸ਼ਹੀਦਾਂ ਦਾ ਜੋ
ਲੁੱਟਦੇ ਕਈ ਕਰੋੜ
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

ਚੋਰ ਤਾਂ ਪਏ ਸੀ ਪੈਲਾਂ ਪੌਂਦੇ
ਟੁੱਟ ਕੇ ਪੈ ਗਏ ਮੋਰ
ਮੇਰੇ ਹਾਣੀਆਂ, ਚੋਰਾਂ ਨੂੰ ਪੈ ਗਏ ਮੋਰ।

## ਲੱਜ ਤੁਹਾਨੂੰ ਨਹੀਂ

ਸਾਡੇ ਤਾਂ ਗੱਭਰੂ ਸਰੂ ਦੇ ਬੂਟੇ
ਨਸ਼ਿਆਂ ਨੇ ਖਾ ਲਏ
ਵੇ ਨਿਲੱਜਿਓ, ਤੁਸੀਂ ਕਿਥੇ ਮਰ ਗਏ।

ਸਾਡੇ ਤਾਂ ਵਿਹੜੇ ਵਿੱਚੋਂ ਵਿੱਦਿਆ ਦਾ ਬੂਟਾ
ਪੁੱਟ ਕੇ ਹੀ ਲੈ ਗਏ
ਵੇ ਨਿਲੱਜਿਓ, ਤੁਸੀਂ ਕਿੱਥੇ ਰਹਿ ਗਏ।

ਦੇਸ਼ ਮੇਰਾ ਤਾਂ ਲੁੱਟ ਕੇ ਖਾ ਗਏ
ਰੇਤਾ ਵੀ ਛੱਡਿਆ ਨਹੀਂ
ਵੇ ਨਿਲੱਜਿਓ, ਰੱਜ ਤੁਹਾਨੂੰ ਨਹੀਂ
ਵੇ ਨਿਲੱਜਿਓ, ਲੱਜ ਤੁਹਾਨੂੰ ਨਹੀਂ।

ਪੰਜਾਂ ਦਰਿਆਵਾਂ ਵਿੱਚ ਨਸ਼ੇ ਵਗੇਂਦੇ
ਪਾਣੀ ਤਾਂ ਲੱਭਦਾ ਨਹੀਂ
ਵੇ ਨਿਲੱਜਿਓ, ਲੱਜ ਤੁਹਾਨੂੰ ਨਹੀਂ।

ਪਿੰਜਰੇ ਦੇ ਵਿੱਚ ਤੋਤਾ ਬੋਲੇ
'ਮੈਨੂੰ ਭੁੱਕੀਂ ਦੇਈਂ'
ਵੇ ਨਿਲੱਜਿਓ, ਲੱਜ ਤੁਹਾਨੂੰ ਨਹੀਂ।

ਤੋਤੇ ਜਿੰਨਾ ਲੰਬਾ ਨੱਕ ਸੀ
ਵੱਢਿਆ ਹੀ ਗਿਆ ਅਈਂ,
ਵੇ ਨਿਲੱਜਿਓ, ਲੱਜ ਤੁਹਾਨੂੰ ਨਹੀਂ।

ਲੌਂਕਰਾਂ ਦੇ ਵਿੱਚ ਚੈਨੀਆਂ ਰੱਖੀਆਂ
ਗਲੇ 'ਚ ਪੌਂਦੀਆਂ ਨਹੀਂ।
ਵੇ ਨਿਲੱਜਿਓ, ਲੱਜ ਤੁਹਾਨੂੰ ਨਹੀਂ।

## ਡੈਮੋਕਰੇਸੀ

ਡੈਮੋਕਰੇਸੀ ਨਾਮ ਹੈ ਮੇਰਾ
ਪੈਂਠ ਸਾਲ ਦੀ ਹੋਈ,
ਜਦ ਤੱਕ ਮੇਰੇ ਹੱਥ ਵਰ-ਮਾਲਾ,
ਰਹਾਂਗੀ ਨਵੀਂ ਨਰੋਈ।

ਹਰ ਇਕ ਪੰਜਾਂ ਸਾਲਾਂ ਪਿੱਛੋਂ
ਮੇਰਾ ਸਵੰਬਰ ਰਚਿਆ ਜਾਂਦਾ,
ਜੀਹਦੇ ਕੋਲੇ ਬਹੁਮਤ ਹੋਵੇ,
ਉਹੀ ਮੈਨੂੰ ਵਿਹਾਉਂਦਾ......

ਮੈਂ ਹਾਂ ਸੁਥਰੇ ਪਾਣੀ ਵਾਂਗਰ,
ਮੇਰਾ ਰੰਗ ਨਹੀਂ ਕੋਈ,
ਜਿਹੜੀ ਬੋਤਲ ਦੇ ਵਿੱਚ ਪਾਉ,
ਉਸੇ ਰੰਗ ਦੀ ਹੋਈ।

'ਆਪ' ਦੀ ਕਿਰਪਾ ਨਾਲ ਹੀ ਮੈਂ ਤਾਂ
ਬੇਗਾਨੇ ਹੱਥ ਗਈ,
ਪੰਜ ਸਾਲ ਲਈ ਕਿਸੇ ਹੋਰ ਦੀ,
ਮੈਂ ਜੋਰੂ ਬਣ ਗਈ......

ਨਾ ਮੈਂ ਕਿਸੇ ਨਾਲ ਸ਼ਾਦੀ ਕੀਤੀ,
ਨਾ ਮੈਂ ਉਧਲ ਗਈ
ਜਿਸ ਦੇ ਹੱਥੀਂ ਬਾਂਹ ਫੜਾਈ
ਉਸੇ ਨਾਲ ਤੁਰ ਗਈ।

## ਸਿਆਸਤ ਦੀ ਹਾਕੀ

ਅਜੇ ਤਾਂ ਇਹ ਅੰਗੜਾਈ ਹੈ
ਅਜੇ ਲੰਬੀ ਬਹੁਤ ਲੜਾਈ ਹੈ।

ਕਦੋਂ ਲੰਬੀ ਹਿੱਟ ਲਗੌਣੀ ਹੈ
ਕਦੋਂ ਗੇਂਦ ਗੋਲ ਵਿੱਚ ਪੌਣੀ ਹੈ
ਇਹ ਕੰਮ ਹੁੰਦਾ ਚਤੁਰਾਈ ਦਾ
ਕਦੇ ਖੇਲ 'ਚ ਨਹੀਂ ਘਬਰਾਈਦਾ।

ਕਈ ਐਸੇ ਮੌਕੇ ਔਂਦੇ ਨੇ,
ਮੈਚ ਤਾਂ ਉਹੀ ਜਿੱਤਦੇ ਨੇ
ਜੋ ਪਨੈਲਟੀ ਕਾਰਨਰ ਲਾਉਂਦੇ ਨੇ
ਜੇ ਪਨੈਲਟੀ ਕਾਰਨਰ ਰੁਕ ਜਾਂਦਾ
ਤਾਂ ਪਨੈਲਟੀ ਸਟਰੋਕ ਵੀ ਪੌਂਦੇ ਨੇ।

ਕਿਸ ਤਰ੍ਹਾਂ ਹੈ ਗੇਂਦ ਲਿਜਾਈ ਦੀ
ਵੈਰੀ ਦੀ ਅੱਖ ਬਚਾਈਦੀ
ਫੁੱਲ-ਬੈਕ ਨੂੰ ਕਿਵੇਂ ਖਿਡਾਈਦਾ
ਕਿਵੇਂ ਆਪਣਾ ਗੋਲ ਬਚਾਈਦਾ
'ਹਾਕੀ' ਤੋਂ ਸਿੱਖਣਾ ਪੈਣਾ ਹੈ
ਜੇ ਵਿਚ ਸਿਆਸਤ ਰਹਿਣਾ ਹੈ।

ਜਿਵੇਂ ਦਿੱਲੀ ਦੇ ਵਿੱਚ ਹੋਇਆ ਹੇ
ਆਪੇ ਹੀ ਗੋਲ ਨਹੀਂ ਖਾਈਦਾ

ਇਹ ਕੰਮ ਹੁੰਦਾ ਚਤੁਰਾਈ ਦਾ
ਕਦੇ ਖੇਲ 'ਚ ਨਹੀਂ ਘਬਰਾਈਦਾ
ਤੇ ਪੂਰਾ ਜ਼ੋਰ ਲਗਾਈਦਾ।

ਲਗਾਤਾਰ ਤਿਆਰੀ ਕਰਦੇ ਨੇ
ਤੇ ਆਖਰ ਤਾਈਂ ਖੜ੍ਹਦੇ ਨੇ
ਉਹ ਬਾਜ਼ੀ ਮਾਰ ਲਿਜਾਂਦੇ ਨੇ
ਦੁਸ਼ਮਨ ਨੂੰ ਧੂਲ ਚਟਾਂਦੇ ਨੇ
ਸੋਨੇ ਦੇ ਤਗਮੇ ਜਿੱਤਦੇ ਨੇ
ਜੇਤੂ ਬਣਕੇ ਆਂਦੇ ਨੇ।
ਅਜੇ ਤਾਂ ਇਹ ਅੰਗੜਾਈ ਹੈ
ਅਜੇ ਲੰਬੀ ਬਹੁਤ ਲੜਾਈ ਹੈ।

## ਕੋਈ ਤੁਹਾਡਾ ਨਹੀਂ

ਰੰਗ-ਬਰੰਗੀਆਂ ਚਿੜੀਆਂ ਆਈਆਂ
ਵੰਨ-ਸੁਵੰਨੇ ਤੋਤੇ,
ਬਹੁਤ ਸਾਰੇ ਪਰਵਾਸੀ ਪੰਛੀ
ਬੂਹੇ ਆਣ ਖਲੋਤੇ
'ਅਸੀਂ ਤੁਹਾਡੇ ਹਾਂ'
'ਅਸੀਂ ਤੁਹਾਡੇ ਹਾਂ।'

ਬਹੁਤ ਪੁਰਾਣੀ ਗੱਲ ਹੈ ਪਰ ਮੈਂ
ਏਥੇ ਪੈਦਾ ਹੋਈ
ਬੇਸ਼ਕ ਚੋਗਾ ਚੁਗਣ ਦੀ ਖਾਤਰ
ਮੈਂ ਪਰਦੇਸਣ ਹੋਈ
'ਮੈਂ ਤੁਹਾਡੀ ਹਾਂ'
ਮੈਂ ਤੁਹਾਡੀ ਹਾਂ'

ਥੋਡੇ ਸ਼ਹਿਰ ਦੇ ਪੌਸ਼ ਇਲਾਕੇ
ਵਿਚ ਮੈਂ ਕੋਠੀ ਪਾਈ
ਹੁਣ ਤਾਂ ਮੈਨੂੰ 'ਚੰਨ-ਪਰਦੇਸੀ'
ਤੁਸੀਂ ਨਾ ਆਖੋ ਬਈ।
'ਅਸੀਂ ਤੁਹਾਡੇ ਹਾਂ'
'ਅਸੀਂ ਤੁਹਾਡੇ ਹਾਂ।'

ਲੋਕਾਂ ਨੇ ਵੀ ਫੜ ਫੜ ਮਾਂਜੇ
ਚੰਨ-ਪਰਦੇਸੀ ਕਈ

ਕਿਸੇ ਕਿਸੇ ਦੀ ਝੋਲੀ ਦੇ ਵਿਚ
ਭੀਖ ਵੋਟ ਦੀ ਪਈ
'ਤੁਸੀਂ ਆਪਣੇ ਹੋ'
'ਤੁਸੀਂ ਅਸਾਡੇ ਹੋ'

ਚੋਣਾਂ ਦੀ ਵੀ ਹੈ ਮਰਿਆਦਾ
ਬੇਸ਼ੱਕ ਥੋੜੀ ਸਹੀ
ਅਗਲੇ ਦਿਨ ਬੁਲਡੋਜ਼ਰ ਚੱਲੇ
ਬਸਤੀ ਉਜੜ ਗਈ
'ਕੋਈ ਤੁਹਾਡਾ ਨਹੀਂ
'ਕੋਈ ਤੁਹਾਡਾ ਨਹੀਂ।'

## ਦਰਦ

ਜੇ ਦਰਦ ਦੇਣੈਂ ਤਾਂ ਵੰਡ ਕੇ ਦੇ
ਤੂੰ ਕਿਸੇ ਕਿਸੇ ਨੂੰ ਕਿਉਂ ਦੇਨੈਂ।
ਜਦ ਖ਼ੂਨ ਦੇ ਹੰਝੂ ਵੰਡਦਾ ਹੈਂ ਤਾਂ
ਗਰੀਬਾਂ ਨੂੰ ਵੱਧ ਕਿਉਂ ਦੇਨੈਂ ?

ਤੂੰ ਕਿਸੇ ਨੂੰ ਕੈਂਸਰ ਦੇ ਦੇਨੈਂ
ਕਿਸੇ ਹੋਰ ਨੂੰ ਲੈਂਸਰ ਦੇ ਦੇਨੈਂ
ਤੂੰ ਏਨਾ ਫਰਕ ਕਿਉਂ ਕਰਦੈਂ
ਕਿਸੇ ਕਿਸੇ ਦੀ ਝੋਲੀ ਹੀ ਭਰਦੈਂ....।

ਕੈਂਸਰ ਦੇ ਹਸਤਪਾਲਾਂ ਵਿਚ
ਕੁਝ ਧੱਕੇ ਖਾਂਦੇ ਫਿਰਦੇ ਨੇ
ਕੁਝ ਉਡਦੇ ਫਿਰਦੇ ਕਾਰਾਂ ਵਿਚ
ਐਵੇਂ ਧੂੜ ਉਡਾਂਦੇ ਫਿਰਦੇ ਨੇ।

ਵਿਚ ਗਰੀਬੀ ਦੇ ਆਟਾ
ਅਕਸਰ ਗਿੱਲਾ ਹੋ ਜਾਂਦਾ ਹੈ
ਜੋ ਫੰਡ ਮਿਲਦਾ ਹੈ ਕੈਂਸਰ ਦਾ,
ਉਹ ਵੀ ਪੂਰਾ ਹੋ ਜਾਂਦਾ ਹੈ
ਫਿਰ ਦੁਖੀ ਬਾਪ ਦੇ ਹੱਥਾਂ ਵਿਚ
ਇਕ ਠੂਠਾ ਹੀ ਰਹਿ ਜਾਂਦਾ ਹੈ
ਕੋਈ ਇੱਕਾ-ਦੁੱਕਾ ਹੀ ਬੰਦਾ

ਮਦਦ ਲਈ ਹੱਥ ਵਧਾਂਦਾ ਹੈ
ਜੇ ਬੱਚਾ ਕਿਸੇ ਮੰਦ-ਭਾਗੇ ਦਾ,
ਇਸ ਹਾਲਤ ਵਿਚ ਮਰ ਜਾਂਦਾ ਹੈ
ਉਹ ਫਿੱਟੇ ਮੂੰਹ ਕਰ ਜਾਂਦਾ ਹੈ।
ਤੂੰ ਦਰਦ-ਮੰਦਾਂ ਦਾ ਦਰਦੀ ਹੈਂ
ਤਾਂ ਦੱਸ ਤੂੰ ਐਦਾਂ ਕਿਉਂ ਕਰਦੈਂ
ਜੇ ਆਪ ਦਵਾਈ ਦੇਣੀ ਹੈ
ਤਾਂ ਪਹਿਲਾਂ ਦਰਦ ਹੀ ਕਿਉਂ ਵੰਡਦੈਂ।
ਜੇ ਦਰਦ ਦੇਣੈਂ ਤਾਂ ਵੰਡ ਕੇ ਦੇ
ਤੂੰ ਕਿਸੇ ਕਿਸੇ ਨੂੰ ਕਿਉਂ ਦੇਨੈਂ
ਜਦ ਖ਼ੂਨ ਦੇ ਹੰਝੂ ਵੰਡਦਾ ਹੈਂ
ਤਾਂ ਗਰੀਬਾਂ ਨੂੰ ਵੱਧ ਕਿਉਂ ਦੇਨੈਂ
ਕਈ ਪਿੰਡਾਂ ਦੇ ਪਿੰਡ ਮਰ ਗਏ ਨੇ
ਕੈਂਸਰ ਨੂੰ ਅਮਰ ਕਰ ਗਏ ਨੇ
ਕਈ ਫੌਜੀਆਂ ਵਾਂਗਰ ਲੜ ਰਹੇ ਨੇ
ਕੀਮੋ ਖਾ ਖਾ ਕੇ ਮਰ ਰਹੇ ਨੇ।

ਜੇ ਦਰਦ ਦੇਣੈਂ ਤਾਂ ਵੰਡ ਕੇ ਦੇ
ਤੂੰ ਕਿਸੇ ਕਿਸੇ ਨੂੰ ਕਿਉਂ ਦੇਨੈਂ।
ਜਦ ਖ਼ੂਨ ਦੇ ਹੰਝੂ ਵੰਡਦਾ ਹੈਂ ਤਾਂ
ਗਰੀਬਾਂ ਨੂੰ ਵੱਧ ਕਿਉਂ ਦੇਨੈਂ?

## ਹੋਲਾਂ ਦਾ ਸਵਾਦ

ਰੇਬੜੀਆਂ ਮੂੰਗਫਲੀਆਂ ਖਾਂਦੇ
ਲੋਹੜੀ ਦੇ ਕੋਲ ਹੀ ਨਿਆਣੇ
ਸਵਾਦ ਕੈਸਾ ਹੋਲਾਂ ਦਾ
ਕੋਈ ਮੇਰੇ ਜਿਹਾ ਵਿਰਲਾ ਹੀ ਜਾਣੈ।

ਪੱਕੇ ਹੋਏ ਛੋਲੀਏ ਨੂੰ
ਜਦੋਂ ਵਿਹੜੇ ਦੇ ਵਿੱਚ ਰੱਖਦੇ
ਹੇਠੋਂ ਅੱਗ ਲਾਉਂਦੇ
ਦਾਣੇ ਟੁੱਟ ਟੁੱਟ ਕਰਕੇ ਭਖਦੇ।

ਟਾਟਾਂ ਡਿੱਗ ਪੈਂਦੀਆਂ
ਜਦ ਸੜਦੀਆਂ ਬਲਦੀਆਂ ਥੱਲੇ
ਕੱਲੀ ਕੱਲੀ ਟਾਟ ਚੁਗਦੇ,
ਅਸੀਂ ਮਾਰ ਕੇ ਜ਼ਮੀਨ ਤੇ ਪਥੱਲੇ।

ਜਿਵੇਂ ਜਿਵੇਂ ਹੋਲਾਂ ਕੱਢਦੇ
ਨਾਲ ਨਾਲ ਹੀ ਚਬਾਈ ਜਾਂਦੇ
ਹੱਥਾਂ ਤੇ ਸਵਾਹ ਲੱਗਦੀ,
ਪਰ ਮੂੰਹ ਨੱਕ ਨਹੀਂ ਸੀ ਚੜ੍ਹਾਂਦੇ।
ਕੌਲੀਆਂ 'ਚ ਕੱਠੇ ਕਰ ਲਓ
ਮਾਂ ਨੇ ਵਾਰੀ ਵਾਰੀ ਆਕੇ ਸਮਝਾਣਾ
ਮੂੰਹ ਹੱਥ ਧੋ ਕੇ ਖਾ ਲਿਓ
ਹੋਲਾਂ ਉੱਡ ਕੇ ਕਿਤੇ ਨਹੀਂ ਜਾਣਾ।

ਝੂਟੇ ਸੁਰਗਾਂ ਦੇ
ਸਾਨੂੰ ਹੌਲਾਂ ਖਾ ਖਾ ਆਂਦੇ
ਮਾਂ ਨੂੰ ਵੀ ਤੰਗ ਕਰਦੇ
ਹੋਲਾਂ ਉਸਦੇ ਵੀ ਮੂੰਹ ਵਿਚ ਪਾਂਦੇ।
ਮਾਂ ਸਾਡੀ ਹੱਸ ਪੈਂਦੀ
ਨਾਲੇ ਪਿਆਰ ਨਾਲ ਝਿੜਕਾਂ ਮਾਰੇ
ਗਲ ਉਹਦੇ ਲੱਗ ਜਾਂਦੇ
ਅਸੀਂ ਸਾਂ ਅੱਖੀਆਂ ਦੇ ਤਾਰੇ।

ਰੇਬੜੀਆਂ ਮੂੰਗਫਲੀਆਂ
ਖਾਂਦੇ ਲੋਹੜੀ ਦੇ ਕੋਲ ਹੀ ਨਿਆਣੇ
ਸਵਾਦ ਕੈਸਾ ਹੌਲਾਂ ਦਾ,
ਕੋਈ ਮੇਰੇ ਜਿਹਾ ਵਿਰਲਾ ਹੀ ਜਾਣੇ।

## ਛੋਟੀ ਗੱਡੀ

ਮੁਕਸਰ ਵਾਲੀ ਛੋਟੀ ਗੱਡੀ
ਛੁਕ-ਛੁਕ ਕਰਦੀ ਜਾਂਦੀ ਸੀ
ਦਸ ਮੀਲ ਦਾ ਸਫਰ ਵਿਚਾਰੀ
ਘੰਟੇ ਵਿਚ ਮੁਕਾਂਦੀ ਸੀ।

ਟੇਸ਼ਨਾਂ ਤੇ ਤਾਂ ਰੁਕਦੀ ਹੀ ਸੀ
ਵੈਸੇ ਵੀ ਰੁੱਕ ਜਾਂਦੀ ਸੀ
ਜਿੱਥੇ ਵੀ ਉਹਨੂੰ ਕੋਈ ਸਵਾਰੀ
ਦਿਖਦੀ ਦੌੜਦੀ ਆਂਦੀ ਸੀ।

ਦੋਧੀ ਢੋਲਾਂ ਵਾਲੇ ਉਸ ਵਿਚ
ਢੋਲ ਸਮੇਤ ਚੜ੍ਹਦੇ ਸੀ
ਨਰਮਾਂ ਚੁਗ ਕੇ ਆਵਣ ਵਾਲੇ
ਪੰਡ ਸਮੇਤ ਵੜਦੇ ਸੀ।

ਬਿਨ ਟੇਸ਼ਣ ਤੋਂ ਚੜ੍ਹਦੇ ਸੀ ਜੋ
ਟਿਕਟ ਤਾਂ ਕਿੱਥੋਂ ਲੈਣੀ ਸੀ
ਹਰ ਕਿਸੇ ਨੂੰ ਪਤਾ ਸੀ ਏਨਾ
ਪਨੈਲਟੀ ਕੋਈ ਨਹੀਂ ਪੈਣੀ ਸੀ।

ਕੱਲੇ ਕੱਲੇ ਡੱਬੇ ਦੇ ਵਿਚ
ਟੀ. ਟੀ. ਚਲ ਕੇ ਆਂਦਾ ਸੀ

ਜਿਹੜਾ ਵੀ ਉਹਨੂੰ ਟਿਕਟ ਵਿਖਾਵੇ
ਪੰਚਿੰਗ ਕਰਦਾ ਜਾਂਦਾ ਸੀ।

ਬੜਾ ਹੀ ਬੀਬਾ ਬੰਦਾ ਸੀ ਉਹ
ਬਿਲਕੁਲ ਤੰਗ ਨਹੀਂ ਕਰਦਾ ਸੀ
ਉਹਦੇ ਹੱਥ ਤੇ ਰੱਖ ਦੇਂਦੇ ਸਾਂ
ਜੋ ਵੀ ਸਾਥੋਂ ਸਰਦਾ ਸੀ।

ਰੋੜਾਂ ਵਾਲੀਓਂ ਚੜ੍ਹਦੇ ਸਾਂ
ਤੇ ਮੁਕਤਸਰ ਆ ਕੇ ਲਹਿੰਦੇ ਸਾਂ
ਰੱਬ ਨਾ ਸਾਥੋਂ ਝੂਠ ਬੁਲਾਵੇ
ਬਿਨਾਂ ਟਿਕਟ ਹੀ ਬਹਿੰਦੇ ਸਾਂ।

ਹੌਲੀ ਹੌਲੀ ਚਲਦੇ ਰਹਿਣਾ
ਗੱਡੀ ਕੋਲੋਂ ਸਿੱਖਿਆ ਮੈਂ
ਮੰਜ਼ਲਾਂ ਏਦਾਂ ਹੀ ਮੱਲਦੇ ਰਹਿਣਾ
ਗੱਡੀ ਕੋਲੋਂ ਸਿੱਖਿਆ ਮੈਂ।

## ਗਿੱਧਾ

ਨਾਂ ਰੱਬਾ ਮੈਨੂੰ ਜੱਜ ਬਣਾਈਂ
ਜੱਜਾਂ ਦਾ ਬੁਰਾ ਹਾਲ
ਸਾਰੀ ਉਮਰਾਂ ਹੀ
ਬੰਨ੍ਹੇ ਰੋਸਟਰ ਨਾਲ।

ਨਾਂ ਰੱਬਾ ਮੈਨੂੰ ਪੁਲਸ ਬੁਣਾਈਂ
ਪੁਲਸ ਦਾ ਬੁਰਾ ਹਾਲ
ਨਾਲੇ ਤਾਂ ਉਹ ਮਾਰਨ ਡਾਂਗਾਂ
ਨਾਲੇ ਕੱਢਣ ਗਾਲ।

ਨਾਂ ਰੱਬਾ ਮੈਨੂੰ ਫੌਜ 'ਚ ਭੇਜੀਂ
ਉੱਥੇ ਕੰਮ ਦਾ ਕਾਲ
ਸ਼ਾਮ ਨੂੰ ਆਪੇ ਪੂਰਦੇ ਨੇ ਉਹ
ਸੁਬਹ ਜੋ ਪੁਟਦੇ ਖਾਲ।

ਨਾਂ ਰੱਬਾ ਮੈਨੂੰ ਲੀਡਰ ਥਾਪੀਂ
ਲੀਡਰਾਂ ਦਾ ਮਾੜਾ ਹਾਲ
ਸਾਰੀ ਉਮਰ ਲੰਘਾਅ ਦਿੰਦੇ
ਝੂਠੇ ਵਾਦਿਆਂ ਨਾਲ।

ਮੈਨੂੰ ਰੱਬਾ ਉਹੀ ਬਣਾਈ।
ਜੋ ਮੈਂ ਹਾਂ ਫ਼ਿਲਹਾਲ
ਕੰਟੀਨਿਊਟੀ ਅਤੇ ਸੀਨਿਆਰਟੀ
ਮੈਨੂੰ ਦੇਵੀਂ ਨਾਲ।

## ਨਸ਼ਾ ਵਿਰੋਧੀ ਟੱਪੇ

ਭੁੱਕੀਏ
ਤੇਰੀ ਸਪਲਾਈ ਰੁਕ ਗਈ
ਸਾਡੀ ਨੀਂਦ ਅੱਖਾਂ ਵਿਚ ਮੁੱਕੀ ਏ।

ਭੁੱਕੀਏ
ਤੋੜ ਤਾ ਸਰੀਰ ਸਾਡਾ ਤੂੰ
ਨਾ ਖੜ੍ਹ ਸਕੀਏ ਨਾ ਝੁਕੀਏ।

ਫੀਤਾ,
ਚੋਣ ਕਮੀਸ਼ਨ ਨੇ
ਆਮ ਆਦਮੀ ਨੂੰ ਤੰਗ ਬਹੁਤ ਕੀਤਾ।

ਦਾਣੇ,
ਆਮ ਆਦਮੀ ਦੇ ਨਸ਼ੇ ਦੀ
ਕੋਈ ਨੇਤਾ ਵੀ ਸਾਰ ਨਾ ਜਾਣੇ।

ਢੀਮਾਂ,
ਭੁੱਕੀ ਦਾ ਵਪਾਰ ਛੱਡ ਕੇ
ਨੇਤਾ ਵੇਚਦੇ ਸਮੈਕ ਤੇ ਫ਼ੀਮਾਂ।

ਅਮਲੀ
ਜੇ ਤੂੰ ਨਸ਼ਾ ਲੈਣਾਂ ਛੱਡ ਦੇਂ
ਸਾਡੀ ਤਾਈ ਖੁਸ਼ੀ ਨਾਲ ਹੋਵੇ ਕਮਲੀ।

ਤਾਰੇ
ਨਸ਼ੇ ਦਾ ਵਪਾਰ ਛੱਡ ਦੇ
ਮੇਰੀ ਸਮੇਂ ਦੀਏ ਸਰਕਾਰੇ।

## ਰਣ ਗਗਨ ਦਮਾਮਾ ਵੱਜਿਆ

ਰਣ ਗਗਨ ਦਮਾਮਾ ਵੱਜਿਆ
ਪੰਜਾਬੀਓ ਯਾਰੋ
ਨਸ਼ਿਆਂ ਦੇ ਸੌਦਾਗਰਾਂ ਨੂੰ
ਅੱਗੇ ਵਧ ਕੇ ਮਾਰੋ।

ਮੇਰੇ ਪੰਜਾਬ ਦੇ ਜੋਬਨ ਤੇ
ਨਸ਼ਿਆਂ ਦਾ ਹਮਲਾ
ਕੀਹਨੇ ਕੀਤਾ ਸਾਰੇ ਜਾਣਦੇ
ਏਥੇ ਕੋਈ ਨਹੀਂ ਕਮਲਾ
ਕੱਲੇ ਕੱਲੇ ਨੂੰ ਛਾਂਟ ਕੇ
ਸ਼ਿੱਦਤ ਨਾਲ ਮਾਰੋ।
ਰਣ ਗਗਨ ਦਮਾਮਾ ਵੱਜਿਆ।

ਕੁਝ ਨਵੀਂ ਕਿਸਮ ਦੇ ਕੋੜਕੂ
ਸਾਡੀ ਦਾਲ 'ਚ ਆ ਗਏ
ਹੁਣ ਦਾਲ ਨਹੀਂ ਕਿੱਧਰੇ ਦਿਸਦੀ
ਕੋੜਕੂ ਹੀ ਛਾ ਗਏ
ਇਹਨਾਂ ਕੋੜਕੂਆਂ ਨੂੰ ਕੱਢ ਕੇ
ਨਾਲੀ ਵਿਚ ਮਾਰੋ
ਰਣ ਗਗਨ ਦਮਾਮਾ ਵੱਜਿਆ।

ਸਾਡੇ ਵਿਚੋਂ ਪੈਦਾ ਹੋ ਗਏ
ਕੁਝ ਸ਼ਾਹ ਅਬਦਾਲੀ
ਕੋਈ ਸੁੱਕਾ ਵਾਪਸ ਜਾਏ ਨਾ
ਪੰਜਾਬ 'ਚੋਂ ਖਾਲੀ
ਨਸ਼ਿਆਂ ਦੀਆਂ ਖੇਪਾਂ ਸਾਹਮਣੇ
ਇਹਨਾਂ ਦੇ ਸਾੜੋ
ਰਣ ਗਗਨ ਦਮਾਮਾ ਵੱਜਿਆ।

ਕਈ ਰਾਜੇ ਸ਼ੀਂਹ ਮੁਕੱਦਮ
ਨਾਲ ਕੁਝ ਕੁੱਤੇ
ਚੋਰੀ ਛੁਪੀ ਆ ਕੇ
ਸਾਡੇ ਘਰਾਂ 'ਚ ਲੁੱਕੇ
ਇਹਨਾਂ ਨੂੰ ਕੱਢੋ ਬਾਹਰ ਘੜੀਸਕੇ
ਝਾੜੂ ਨਾਲ ਮਾਰੋ।
ਰਣ ਗਗਨ ਦਮਾਮਾ ਵੱਜਿਆ
ਪੰਜਾਬੀਓ ਯਾਰੋ।

## ਅਖ਼ਬਾਰੀ ਮਿਆਰ

ਆ ਕਰੀਏ ਗੱਲ ਮਿਆਰਾਂ ਦੀ
ਸਾਡੇ ਖੇਤਰ ਦੀਆਂ ਅਖਬਾਰਾਂ ਦੀ।

ਕੁਝ ਖ਼ਬਰਾਂ ਕੁਤਰ ਕੇ ਲਾਂਦੇ ਨੇ
ਕੁਝ ਖ਼ਬਰਾਂ ਆਪ ਬਣਾਦੇ ਨੇ
ਕੁਝ ਮੁੱਲ ਖ਼ਬਰ ਦਾ ਪਾਂਦੇ ਨੇ
ਕੁਝ ਖ਼ਬਰ ਦੀ ਕਬਰ ਬਣਾਂਦੇ ਨੇ।

ਕੁਝ ਖੜ੍ਹੀਆਂ ਹਦਾਇਤਾਂ ਹੁੰਦੀਆਂ ਨੇ
ਅਖਬਾਰ ਦੀਆਂ ਰਵਾਇਤਾਂ ਹੁੰਦੀਆਂ ਨੇ
ਕਿਸ ਬੰਦੇ ਨੂੰ ਵਡਿਆਣਾ ਹੈ
ਕਿਸ ਸ਼ਖ਼ਸ ਨੂੰ ਖੂੰਜੇ ਲਾਣਾ ਹੈ।

ਕੁਝ ਲੀਡਰਾਂ ਦੇ ਹੱਥ ਠੋਕੇ ਨੇ
ਪਰ ਉੱਚੀ ਦੇਂਦੇ ਹੋਕੇ ਨੇ
ਨਿਰਭਰ ਨੇ ਖੁਦ ਸਰਕਾਰਾਂ ਤੇ
ਜਿਉਂਦੇ ਨੇ ਇਸ਼ਤਿਹਾਰਾਂ ਤੇ।

ਇੱਕ ਰੋਗ ਹੈ ਕੁਝ ਅਖ਼ਬਾਰਾਂ ਨੂੰ
ਤੰਗ ਕਰਦੇ ਪੱਤਰਕਾਰਾਂ ਨੂੰ
ਮਰਜ਼ੀ ਦੀ ਖ਼ਬਰ ਲਗਾਂਦੇ ਨੇ
ਜਾਂ ਨੌਕਰੀਉਂ ਹੀ ਜਾਂਦੇ ਨੇ।

ਗੱਲ ਕਰੀਏ ਛੋਟੇ ਸ਼ਹਿਰਾਂ ਦੀ
ਜਿੱਥੇ ਹੈ ਕੁਰੱਪਸ਼ਨ ਕਹਿਰਾਂ ਦੀ।
ਜਿੱਥੇ ਪੱਤਰਕਾਰ ਵੰਗਾਰੀ ਨੇ
ਨਾ ਪੁੱਛੋ ਕਿੰਨੇ ਮਿਆਰੀ ਨੇ।
ਕੰਮ ਕਰਦੇ ਬਿਨ ਤਨਖਾਹਾਂ ਤੋਂ,
ਭਟਕੇ ਹੋਏ ਨੇ ਰਾਹਾਂ ਤੋਂ।

ਕੁਝ ਮਾਣਕ ਤਹਿ ਕਰਨੇ ਪੈਣੇ
ਕੁਝ ਨਵੇਂ ਨਿਯਮ ਘੜਣੇ ਪੈਣੇ
ਆਜ਼ਾਦੀ ਪੱਤਰਕਾਰਾਂ ਦੀ
ਨਾ ਬਲੀ ਚੜ੍ਹੇ ਅਖ਼ਬਾਰਾਂ ਦੀ।

## ਸੁਣ ਸਰਕਾਰੇ

ਲੈ ਸਰਕਾਰੇ ਇਹਨਾਂ ਪਿੰਡਾਂ ਦੀ ਵੀ ਥਾਹ
ਵਰਨਾ ਕਚਹਿਰੀਆਂ 'ਚ ਥਾ! ਥੀ! ਥਾ!

ਅੰਨ੍ਹੀ ਸਰਕਾਰ ਨੂੰ ਹੈ ਵਿਖਦਾ ਸੰਜੋਗ ਏਥੇ
ਹਰ ਚੌਥੇ ਬੰਦੇ ਤਾਈਂ ਅੱਖੀਆਂ ਦਾ ਰੋਗ ਏਥੇ
ਅੱਖਾਂ ਦੀਆਂ ਰੌਸ਼ਨੀਆਂ ਹੋ ਗੀਆਂ ਤਬਾਹ
ਲੈ ਸਰਕਾਰੇ.........................

ਮਾਂ ਦੀ ਹੀ ਕੁੱਖ ਵਿਚੋਂ ਅੰਨ੍ਹੇ ਪੈਦਾ ਹੁੰਦੇ ਨੇ
ਹੋਰ ਅੰਨ੍ਹੇ ਹੁੰਦੇ ਜਿਵੇਂ ਜਿਵੇਂ ਵੱਡੇ ਹੁੰਦੇ ਨੇ
ਬੋਲੀ ਸਰਕਾਰੇ ਤੈਨੂੰ ਜੇ ਸੁਣਦਾ
ਲੈ ਸਰਕਾਰੇ.........................

ਇੱਕ ਗੱਲ ਪੱਕੀ ਹੈ ਕਿ ਪਾਣੀ ਵਿਚ ਜ਼ਹਿਰ ਹੈ
ਨਾ ਜਾਣੇ ਹੋਰ ਕਿਹੜਾ ਰੱਬ ਵੱਲੋਂ ਕਹਿਰ ਹੈ
ਦੱਸ ਸਰਕਾਰੇ ਕੋਈ ਕਰ ਕੇ ਉਪਾਅ
ਲੈ ਸਰਕਾਰੇ..................

ਤੇਰੀ ਅਣਗਹਿਲੀ ਨਾਲ ਸਾਰੀ ਇਹ ਤਬਾਹੀ ਹੋਈ
ਫਰਜ਼ ਨਿਭੌਣ ਵਿਚ ਤੈਥੋਂ ਹੀ ਕੁਤਾਹੀ ਹੋਈ।
ਕੁਝ ਭਰਪਾਈ ਤੂੰ ਵੀ ਕਰ ਕੇ ਵਿਖਾ
ਲੈ ਸਰਕਾਰੇ ਇਹਨਾਂ ਪਿੰਡਾਂ ਦੀ ਵੀ ਥਾਹ
ਵਰਨਾ ਕਚਹਿਰੀਆਂ 'ਚ ਥਾ! ਥੀ! ਥਾ!

(ਫਾਜ਼ਿਲਕਾ ਦੇ ਪਿੰਡਾਂ ਡੋਨਾ ਨਾਨਕਾ, ਤੇਜਾ ਰੋਹੇਲਾ, ਨੂਰ ਸ਼ਾਹ, ਮਾਤਮ ਨਗਰ ਆਦਿ ਨੂੰ ਸਮਰਪਿਤ)

## ਇੱਕੋ ਹੀ ਝੋਰਾ

ਇੱਕੋ ਹੀ ਝੋਰਾ, ਲੌਂਦਾ ਖੋਰਾ
ਹੋਰ ਕੋਈ ਗ਼ਮ ਨਹੀਂ ਭੋਰਾ
ਜੋਬਨ-ਰੁੱਤੇ ਪਿਆਰ ਨਹੀਂ ਕੀਤਾ
ਜੀਵਨ ਕਾਗਜ਼-ਕੋਰਾ।

ਨਾ ਤਾਂ ਸ਼ਿਵ ਬਟਾਲਵੀ ਬਣਿਆਂ
ਪਟਵਾਰੀ ਦਾ ਛੋਰਾ
ਨਾ ਤਾਂ ਕਿਸੇ ਨੇ ਧੋਖਾ ਕੀਤਾ
ਨਾ ਕੋਈ ਬਣਿਆ ਮੋਰਾ।

ਨਾ ਕਿਸੇ ਦਿਲ ਦੇ ਟੋਟੇ ਕੀਤੇ
ਨਾ ਕਿਸੇ ਕੀਤੀਆਂ ਛਾਵਾਂ
ਪੁੱਛੇ ਜੇ ਕੋਈ ਪਿਆਰ ਦਾ ਕਿੱਸਾ
ਮੈਂ ਕੀ ਗੱਲ ਸੁਣਾਵਾਂ ?

ਜਿਵੇਂ ਕੋਈ ਫੌਜੀ ਨੌਕਰੀ ਕਰਕੇ
ਉਮਰ ਢਲੇ ਘਰ ਆਵੇ
ਨਾ ਕੋਈ ਜੰਗ ਲੜਨ ਦਾ ਮੌਕਾ
ਮਿਲਣ ਤੇ ਉਹ ਪਛਤਾਵੇ
ਫੌਜੀ ਹੋ ਕੇ ਜੰਗ ਨਹੀਂ ਲੜਿਆ
ਉਸ ਨੂੰ ਰਹਿੰਦਾ ਝੋਰਾ
ਇੱਕੋ ਹੀ ਝੋਰਾ, ਲੌਂਦਾ ਖੋਰਾ
ਹੋਰ ਕੋਈ ਗਮ ਨਹੀਂ ਭੋਰਾ।

ਰੋਟੀ ਨਾਲ ਸੀ ਲੈ ਕੇ ਜਾਂਦੇ
ਰਾਤ ਨੂੰ ਵਾਪਸ ਘਰ ਸੀ ਆਂਦੇ
ਰਾਤ ਦੀ ਰੋਟੀ ਘਰ ਖਾਂਦੇ
ਤੇ ਦਿਨ ਦੀ ਲੈ ਕੇ ਜਾਂਦੇ
ਅੱਧੀ ਜ਼ਿੰਦਗੀ ਸਫਰ 'ਚ ਬੀਤੀ
ਅੱਧੀ ਵਿਚ ਪੜ੍ਹਾਈ
ਪਿਆਰ ਦੇ ਨੰਬਰ ਰੱਬ ਨੇ ਵੰਡੇ
ਜ਼ੀਰੋ ਹਿੱਸੇ ਆਈ
ਨਗਦੋ ਨਗਦ ਤਾਂ ਕੀ ਮਿਲਣਾ ਸੀ
ਉਧਾਰ ਨਾ ਮਿਲਿਆ ਭੋਰਾ।
ਇੱਕੋ ਹੀ ਝੋਰਾ, ਲੌਂਦਾ ਖੋਰਾ
ਹੋਰ ਕੋਈ ਗ਼ਮ ਨਾ ਭੋਰਾ
ਜੋਬਨ-ਰੁੱਤੇ ਪਿਆਰ ਨਹੀਂ ਕੀਤਾ
ਜੀਵਨ ਕਾਗਜ਼-ਕੋਰਾ।

## ਯਮਲਾ ਜੱਟ

ਯਮਲਾ ਕਿਸੇ ਵੀ ਪਿੰਡ ਵਿੱਚ ਔਂਦਾ
ਜਦੋਂ ਵੀ ਖਾੜਾ ਲੌਂਦਾ
ਕੱਲਾ ਕੱਲਾ ਬੰਦਾ ਪਿੰਡ ਦਾ
ਖਾੜਾ ਸੁਣਨ ਲਈ ਔਂਦਾ।

ਤੂੰਬੀ ਵੱਜਣੀ ਸ਼ੁਰੂ ਹੁੰਦੀ ਜਦ
ਤੁਣਕ ਤੁਣਕ ਤੁਣ ਕਰਦੀ
ਆਪੇ ਲੋਕੀਂ ਜੁੜਦੇ ਜਾਂਦੇ
ਖ਼ਲਕਤ ਵਾਹ ਵਾਹ ਕਰਦੀ।

ਬਾਬੇ ਨਾਨਕ ਦੀ ਲੀਲਾ ਤੋਂ
ਗੌਣਾ ਸ਼ੁਰੂ ਸੀ ਕਰਦਾ
ਮੁੜ ਕੇ ਇਸ਼ਕ ਮੁਸ਼ਕ ਦੇ ਗਾਣੇ
ਸੁਣੌਣਾ ਸ਼ੁਰੂ ਸੀ ਕਰਦਾ।

ਮੈਂ ਕੀ ਪਿਆਰ 'ਚੋਂ ਖੱਟਿਆ ਗੌਂਦਾ
ਦਿਲਾਂ ਤੇ ਛੁਰੀ ਚਲੌਂਦਾ
ਮਿਸਰੀ ਵਰਗੀ ਵਾਜ ਸੀ ਉਹਦੀ
ਸ਼ਿੱਦਤ ਦੇ ਨਾਲ ਗੌਂਦਾ।

ਨਾਲ ਜੇ ਉਸਦੇ ਗਾਇਕਾ ਹੁੰਦੀ
ਸੋਨੇ ਉੱਤੇ ਸੁਹਾਗਾ
ਜਿਹੜਾ ਸੁਣਨ ਤੋਂ ਵਾਂਝਾ ਰਹਿੰਦਾ
ਸਮਝੋ ਕਿ ਮੰਦਭਾਗਾ।

ਚੱਕ ਲਿਆ ਮੋਰ ਬਣ ਕੇ
ਜਦੋਂ ਨਖਰਿਆਂ ਨਾਲ ਸੁਣੌਂਦਾ
ਚਿੱਟੀ ਪੱਗ ਦਾ ਉੱਚਾ ਸ਼ਮਲਾ
ਹਵਾ 'ਚ ਭੰਗੜੇ ਪੌਂਦਾ।

ਅਸੀਂ ਕਲਾਸਾਂ ਛੱਡ ਕੇ ਜਾਂਦੇ
ਪਾਣੀ ਪੀਣ ਬਹਾਨੇ
ਕਈ ਕਈ ਮੀਲ ਸੀ ਪੈਦਲ ਜਾਂਦੇ
ਸੁਣਨ ਲਈ ਉਸ ਦੇ ਗਾਣੇ।

ਲਾਲ ਚੰਦ ਯਮਲੇ ਜੱਟ ਨੂੰ ਸੁਣ ਕੇ
ਘਰ ਨੂੰ ਵਾਪਸ ਔਂਦੇ।
ਬਾਪੂ ਪੁਛਦਾ, 'ਕਿੱਥੇ ਗਿਆ ਸੈਂ'
ਸੁਣ ਕੇ ਨੀਵੀਂ ਪੌਂਦੇ।

## ਪੰਜਾਬ ਦੀਆਂ ਪੇਂਡੂ ਡਿਸਪੈਂਸਰੀਆਂ

ਤੂੰ ਡਾਕਟਰ ਕਾਹਦਾ
ਨਾ ਤੇਰੇ ਕੋਲ ਪੈਰਾਸੀਟਾਮੋਲ ਵੇ
ਜ਼ਖਮਾਂ ਦੇ ਉੱਤੇ
ਨਾ ਰੱਖਦਾ ਤੂੰ ਲਾਣ ਲਈ ਡਿਟੌਲ ਵੇ।

ਮੇਰੀ ਗੱਲ ਸੁਣ ਕੁੜੀਏ
ਰੋਕ ਸਕਦੀ ਤਾਂ ਰੋਕ ਲੈ ਤੂੰ ਹਾਸੀ
ਮੈਂ ਕੱਲਾ ਨਹੀਉਂ
ਮੇਰੇ ਜਿਹੇ ਪੂਰੇ ਗਿਆਰਾਂ ਸੌ ਛਿਆਸੀ।

ਗੱਲ ਸੁਣ ਨੀ ਭੈਣੇ
ਅਸੀਂ ਵਿੱਢੀ ਹੋਈ ਪੂਰੀ ਹੀ ਲੜਾਈ
ਪਰ ਫਿਰ ਵੀ ਭੈਣੇ
ਸਰਕਾਰ ਨਹੀਂ ਭੇਜਦੀ ਦਵਾਈ।

ਪਰ ਡਾਕਟਰ ਵੀਰਾ
ਮੈਨੂੰ ਇਕ ਗੱਲ ਸਮਝ ਨਹੀਉਂ ਆਈ
ਐਮ. ਐਲ. ਏ. ਸਾਡੇ
ਆਪ ਕਿੱਥੋਂ ਲੈਂਦੇ ਨੇ ਦਵਾਈ।

ਉਹਨਾਂ ਨੇ ਭੈਣੇ
ਚੰਡੀਗੜ੍ਹ 'ਚ ਡਿਸਪੈਂਸਰੀ ਬਣਾਈ
ਉਥੋਂ ਹੀ ਲੈਂਦੇ
ਜਿਹੜੀ ਕੱਲੀ ਕੱਲੀ ਚਾਹੀਦੀ ਦਵਾਈ।

ਨਹੀਂ, ਡਾਕਟਰ ਵੀਰਾ
ਇਹ ਤਾਂ ਪੂਰੀ ਤਰ੍ਹਾਂ ਬੇਵਫਾਈ
ਅਸੀਂ ਚੁਣ ਕੇ ਭੇਜੇ
ਕਿਸੇ ਭੋਰਾ ਵੀ ਸ਼ਰਮ ਨਹੀਉਂ ਆਈ।

## ਏ ਜੀ

ਜਦ ਪਤਨੀ ਏ ਜੀ ਆਖਦੀ
ਤਾਂ ਮਨ ਵਿਚ ਉਠਦਾ ਸਵਾਲ
ਏ ਜੀ ਕਿੰਨਾ ਕੁ ਪਾਵਰਫੁਲ ਹੈ
ਕਿੱਦਾਂ ਵਰਤਦਾ ਅਫ਼ਸਰਾਂ ਨਾਲ

ਅੱਜ ਮੈਂ ਏ ਜੀ ਗਰਜਦਾ ਵੇਖਿਆ
ਔਖਾ  ਹੋਵੇ ਅਫਸਰ ਨਾਲ
ਅਫ਼ਸਰ ਹੱਥ ਪਿਆ ਸੀ ਜੋੜਦਾ
ਏ ਜੀ ਲਗਭਗ ਕੱਢਦਾ ਗਾਲ।

"ਤੂੰ ਹੀ ਅਕਲ ਦਾ ਪੂਰਾ ਮਾਰਿਆ
ਮੇਰੇ ਸਿੰਗ ਫ਼ਸਾ ਤੇ ਨਾਲ
ਤੇਰੇ ਵਰਗੇ ਕਈ ਮੈਂ ਨਿਪਟਤੇ
ਮਾੜੀ ਕਰੂੱਗਾ ਤੇਰੇ ਨਾਲ।"

ਅਫਸਰ ਲਿਲਕੜੀਆਂ ਪਿਆ ਕੱਢਦਾ
ਮੈਨੂੰ ਮਾਫ ਕਰੋ ਮੇਰੇ ਬਾਪ
ਮੈਂ ਅੱਗੋਂ ਤੋਂ ਨਹੀਂ ਕਰੂੰਗਾ
ਕਦੇ ਵੀ ਏਸ ਤਰ੍ਹਾਂ ਦਾ ਪਾਪ।

ਅਫਸਰ ਰੋਂਦਾ ਰੋਂਦਾ ਤੁਰ ਗਿਆ
ਪਰ ਨਹੀਂ ਏ. ਜੀ. ਨਰਮ ਪਿਆ
ਉਹਦਾ ਕਿਆਮਤ ਵੇਲਾ ਆ ਗਿਆ
ਜਦੋਂ ਉਹਨੇ ਉਂਗਲੀ ਦਿੱਤੀ ਉਠਾ

ਕਿਹਾ ਸੀ 'ਮੈਂ ਤਾਂ ਫਾਈਲ ਤੋਰ ਤੀ
ਪਰ ਏ ਜੀ ਨੇ ਕੀਤੀ ਦੇਰ
ਏ. ਜੀ. ਕੋਰਟ ਵਿਚ ਗਿਆ ਤਲਬਿਆ
ਉਹਨੇ ਕੀਤਾ ਗੁੱਸਾ ਢੇਰ।

ਉਸ ਨੇ ਕੋਰਟ ਦੇ ਵਿਚ ਆਖਿਆ
'ਮੇਰਾ ਅਫ਼ਸਰ ਲਾਪਰਵਾਹ
ਇਹਨੇ ਆਪਣੀ ਜਾਨ ਬਚੌਣ ਲਈ
ਦਿੱਤੇ ਮੇਰੇ ਸਿੰਗ ਫ਼ਸਾ।'

## ਕੈਂਸਰ ਵਾਲੀ ਟਰੇਨ

ਮੇਰੀ ਸਰਕਾਰੇ
ਕੈਂਸਰ ਵਾਲੀ ਰੋਕ ਲੈ ਟਰੇਨ
ਤੈਨੂੰ ਮੌਕਾ ਨਹੀਂ ਮਿਲਣਾ ਅਗੇਨ।

ਇਕ ਪਾਸੇ ਗੱਡੀ ਨੂੰ
ਤੂੰ ਝੰਡੀ ਦਿੱਤੀ ਜਾਨੀ ਏਂ
ਮਗਰ-ਮੱਛ ਵਾਂਗ ਨਾਲੇ
ਹੰਝੂ ਪਈ ਵਹਾਨੀ ਏਂ
ਇਹਨਾਂ ਕੰਮਾਂ ਵਿਚੋਂ
ਮਿਲਣਾ ਨਹੀਂ 'ਗੇਨ'।

ਆਪਣੇ ਇਲਾਜ ਲਈ
ਅਮਰੀਕਾ ਜਾਣ ਵਾਲਿਆ
ਹਲਕਾ ਬਠਿੰਡਾ ਤੇਰਾ
ਕੈਂਸਰ ਨੇ ਖਾ ਲਿਆ।
ਲੋਕੀਂ ਕਹਿੰਦੇ ਤੇਰੇ
ਥਰਮਲਾਂ ਦੀ ਦੇਣ
ਮੇਰੀ ਸਰਕਾਰੇ
ਕੈਂਸਰ ਵਾਲੀ ਰੋਕ ਲੈ ਟਰੇਨ।

ਲੱਗਦਾ ਹੈ ਨਾਰਾ ਤੇਰਾ
ਸੇਵਾ ਨਹੀਂ ਰਾਜ ਹੋਇਆ
ਕੈਂਸਰ ਦੇ ਰੋਗੀਆਂ ਦਾ
ਤੈਥੋਂ ਨਹੀਂ ਇਲਾਜ ਹੋਇਆ।

ਬੀਕਾਨੇਰ ਜਾਣ ਵਾਲੇ
ਕਿਹੜਾ ਤੇਰੇ ਵੈਰੀ ਸੀ
ਇਹਨਾਂ ਦੇ ਇਲਾਜ ਪੱਖੋਂ
ਕਾਹਤੋਂ ਅੱਖ ਫੇਰੀ ਸੀ
ਜ਼ਰਾ ਬਾਪੂ ਜੀ ਨੂੰ ਪੁੱਛ
ਮੇਰੀ ਭੈਣ
ਮੇਰੀ ਸਰਕਾਰੇ
ਕੈਂਸਰ ਵਾਲੀ ਰੋਕ ਲੈ ਟਰੇਨ
ਤੈਨੂੰ ਮੌਕਾ ਨਹੀਂ ਮਿਲਣਾ ਅਗੇਨ।

## ਨੇਤਰ-ਹੀਣਤਾ ਪੈਨਸ਼ਨ

ਮਾਵਾਂ ਠੰਡੀਆਂ ਛਾਵਾਂ
ਸਰਕਾਰਾਂ ਹੁੰਦੀਆਂ ਮਾਵਾਂ
ਮੈਂ ਜਿੰਨੀ ਸਿਫ਼ਤ ਸਣਾਵਾਂ
ਬਈ ਓਨੀਂ ਹੀ ਥੋੜ੍ਹੀ ਹੈ
ਸਾਡੀ ਤਾਂ ਸਰਕਾਰ ਹੀ
ਅੰਨ੍ਹੀ ਤੇ ਬੋਲੀ ਹੈ।

ਹਰ ਮਹੀਨੇ ਪੈਂਸ਼ਨ ਔਂਦੀ
ਨੇਤਰ-ਹੀਣਾਂ ਦੀ
ਦੋ ਸੌ ਪੰਜਾਹ ਰੁਪਈਏ
ਅੰਦਰ ਪੈਂਦਾ ਜੀਣਾ ਜੀ
ਮਾਂ ਵਰਗੀ ਸਰਕਾਰ ਹੈ
ਬੜਾ ਹੀ ਦਰਦ ਮੰਨੌਂਦੀ ਜੀ
ਨੇਤਰ-ਹੀਣਾਂ ਤਾਈਂ ਬਹੁਤਾ
ਵਖ਼ਤ ਨਾ ਪੌਂਦੀ ਜੀ
ਨੇਤਰ-ਹੀਣ ਵਿਚਾਰੇ
ਗਿਣ ਨਹੀਂ ਸਕਦੇ ਨੋਟਾਂ ਨੂੰ
ਨਾ ਹੀ ਬਹੁਤਾ ਢਾਹਾ
ਲਾ ਸਕਦੇ ਨੇ ਵੋਟਾਂ ਨੂੰ।

ਇਸ ਵਾਰੀ ਫਿਰ ਵੇਖਾਂਗੇ
ਜਦ ਚੋਣਾਂ ਔਣਗੀਆਂ
ਮਾਵਾਂ ਬੱਚਿਆਂ ਤਾਈਂ
ਦੁੱਧ ਦਾ ਲਾਰਾ ਲੌਣਗੀਆਂ
ਨੇਤਰ-ਹੀਣਾਂ ਨੇ ਵੀ
ਵੇਖ ਲਿਆ ਹੈ ਮਾਵਾਂ ਨੂੰ
ਨਾਲੇ ਮਾਵਾਂ ਵੱਲੋਂ ਕੀਤੀਆਂ
ਠੰਡੀਆਂ ਛਾਵਾਂ ਨੂੰ।

## ਪੰਜਾਬੀਏ ਜ਼ੁਬਾਨੇ

ਪੰਜਾਬੀਏ ਰਕਾਨੇ
ਮੇਰੀ ਪਹਿਲੀਏ ਜ਼ੁਬਾਨੇ
ਏਥੇ ਆ ਕੇ ਲਗਾਂ ਮਾਤਰਾਂ ਵੀ
ਭੁੱਲ ਗਿਆ ਮੈਂ
ਗੋਰਿਆਂ ਦੀ ਭਾਸ਼ਾ ਉਤੇ
ਡੁਲ੍ਹ ਗਿਆ ਮੈਂ।

ਜਿੱਥੇ ਤੇਰੀ ਰਾਜਧਾਨੀ
ਓਥੇ ਹੋ ਗਈ ਤੂੰ ਬੇਗਾਨੀ
ਓਥੇ ਚੱਕੀ ਦਿਆਂ ਪੁੜਾਂ ਵਿੱਚ
ਫਸ ਗਈ ਤੂੰ
ਹਾਏ ਨੀਂ ਘਸਦੀ ਘਸਦੀ
ਘਸ ਗਈ ਤੂੰ।

ਮੇਰੀ ਮਾਂ ਦੇ ਹੋਠਾਂ ਉੱਤੇ
ਕਿੰਨੀ ਸੋਂਹਦੀ ਸੈਂ ਤੂੰ
ਲੱਗੇ ਪੱਛਮੀ ਪੰਜਾਬ ਵਿਚੋਂ
ਔਂਦੀ ਸੈਂ ਤੂੰ
ਪਿਆਰ ਨਾਲ ਗੁਰਮੁਖੀ
ਅਖਵੌਂਦੀ ਸੀ ਤੂੰ।

ਭਾਵੇਂ ਕਿੰਨੀ ਸੱਜ ਜਾਵੇਂ
ਤਾਂ ਵੀ ਦੂਜੀ ਅਖਵਾਵੇਂ

ਤਾਂ ਵੀ ਰੁਤਬਾ ਨਾ ਪਾਵੇਂ
ਜਿਹੜਾ ਭਾਲਦੀ ਹੈਂ ਤੂੰ
ਕਾਹਨੂੰ ਧੂੰਏਂ ਵਿੱਚ ਰੋ ਕੇ
ਦੀਦੇ ਗਾਲਦੀ ਹੈਂ ਤੂੰ।

ਚਾਹੇ ਲਿਖਦਾ ਤੇ ਗੌਂਦਾ
ਚਾਹੇ ਹੱਸਦਾ ਤੇ ਰੋਂਦਾ
ਚੱਜ ਤੇ ਕੁਚੱਜ ਸਾਰੇ
ਭੁੱਲ ਗਿਆ ਮੈਂ
ਗੋਰਿਆਂ ਦੀ ਭਾਸ਼ਾ ਉੱਤੇ
ਡੁੱਲ੍ਹ ਗਿਆ ਮੈਂ।

ਪੰਜਾਬੀਏ ਰਕਾਨੇ,
ਮੇਰੀ ਪਹਿਲੀਏ ਜ਼ੁਬਾਨੇ,
ਏਥੇ ਆ ਕੇ ਲਗਾਂ ਮਾਤਰਾਂ ਵੀ
ਭੁੱਲ ਗਿਆ ਮੈਂ
ਗੋਰਿਆਂ ਦੀ ਭਾਸ਼ਾ ਉੱਤੇ
ਡੁੱਲ੍ਹ ਗਿਆ ਮੈਂ।

## ਪੁਲਸ

ਭਾਵੇਂ ਕਿਸੇ ਵੀ ਜੂਨ 'ਚ ਪਾਵੀਂ
ਮੈਨੂੰ ਪੁਲਸ ਬਣਾਵੀਂ ਨਾ
ਹਰ ਵੇਲੇ ਦਾ ਪਾਪ ਦਾ ਡੰਡਾ
ਮੇਰੇ ਹੱਥ ਫੜਾਵੀਂ ਨਾਂ।

ਡੰਡੇ ਖਾਂਦੇ ਖਾਂਦੇ ਲੋਕੀਂ
ਆਪੇ ਹੀ ਮਰ ਜਾਂਦੇ ਨੇ
ਆਪਣੇ ਗਲ 'ਚੋਂ ਲਾਹ ਕੇ ਫ਼ੰਦਾ
ਮੇਰੇ ਗਲ ਵਿਚ ਪਾਂਦੇ ਨੇ।

ਡੰਡਾ ਇਹ ਇਨਸਾਫ ਲਈ ਬਣਿਆਂ
ਇਸ ਨੂੰ ਦਾਗ ਲਗਾਵੀਂ ਨਾ
ਜਿਸ ਦੇ ਹੱਥ ਫੜਾਵੀਂ ਡੰਡਾ
ਉਸ ਤੋਂ ਪਾਪ ਕਰਾਵੀਂ ਨਾ

ਮੇਰਾ ਹੀ ਡੰਡਾ ਪੁੱਠਾ ਹੋ ਕੇ
ਮੇਰੇ ਹੀ ਸਿਰ ਤੇ ਚੱਲੂਗਾ
ਡੰਡੇ ਖਾਵਣ ਵਾਲਾ ਜਦ ਵੀ
ਉੱਚੀ ਕੁਰਸੀ ਮੱਲੂਗਾ।

ਭਾਵੇਂ ਕਿਸੇ ਵੀ ਜੂਨ 'ਚ ਪਾਵੀਂ
ਮੈਨੂੰ ਪੁਲਸ ਬਣਾਵੀਂ ਨਾਂ
ਹਰ ਵੇਲੇ ਦਾ ਪਾਪ ਦਾ ਡੰਡਾ
ਮੇਰੇ ਹੱਥ ਫੜਾਵੀਂ ਨਾਂ।

## ਅਰੋੜਾ

ਸ਼ਹਿਰ ਆ ਕੇ ਹਰੀ ਵੀ
ਅਰੋੜਾ ਹੋ ਗਿਆ
ਦਿਨਾਂ ਵਿਚ ਹੋੜੇ ਤੋਂ
ਕਨੌੜਾ ਹੋ ਗਿਆ।
ਦੋਸਤਾਂ ਦੇ ਵਾਸਤੇ
ਭਗੌੜਾ ਹੋ ਗਿਆ
ਲਗਦੈ ਘਮੰਡ
ਥੋੜਾ ਥੋੜਾ ਹੋ ਗਿਆ।
ਹੁਣ ਫਾਇਲਾਂ ਹੀ ਫਾਇਲਾਂ
ਹਰ ਪਾਸੇ ਫੈਲੀਆਂ
ਦੋ ਮੰਜ਼ਲਾ ਮਕਾਨ
ਹੁਣ ਸੌੜਾ ਹੋ ਗਿਆ।
ਚੇਹਰਾ-ਮੋਹਰਾ ਓਸ ਦਾ
ਅਬੋਹਰ ਵਾਲਾ ਲੱਗੇ
ਭਾਵੇਂ ਪੇਟ ਓਹਦਾ
ਫੁੱਲ ਕੇ ਹੈ ਤੌੜਾ ਹੋ ਗਿਆ।
ਠੰਡੀ ਠੰਡੀ ਕੁਲਫੀ ਨੂੰ
ਸ਼ੌਕ ਨਾਲ ਖਾਵੇ
ਦੰਦਾਂ ਜਾੜ੍ਹਾਂ ਖੁਣੋਂ
ਭਾਵੇਂ ਬੌੜਾ ਹੋ ਗਿਆ।

## ਥਰਮਲ ਅਤੇ ਆਰ. ਓ.

ਸੋਚ ਸਮਝ ਕੇ ਲਾਇਓ
ਥਰਮਲ ਸੋਚ ਸਮਝ ਕੇ ਲਾਇਓ!
ਥਰਮਲ ਦੀਆਂ ਸਵਾਹਾਂ ਉੱਤੇ
ਪਹਿਲਾਂ ਖੋਜ ਕਰਾਇਓ।

ਸੌਰ ਊਰਜਾ ਮਹਿੰਗੀ ਹੋਵੇ
ਫਿਰ ਵੀ ਉਹ ਅਜ਼ਮਾਇਓ
ਟੀ ਟਵੰਟੀ ਖੇਡਣ ਨਾਲੋਂ
ਟੈਸਟ ਮੈਚ ਕਰਾਇਓ।
ਸੋਚ ਸਮਝ ਕੇ ਲਾਇਉ
ਥਰਮਲ ਸੋਚ ਸਮਝ ਕੇ ਲਾਇਓ।

ਜਾਂ ਫਿਰ ਮੌਤ ਦੀ ਲਿਖੋ ਕਹਾਣੀ
ਦੂਸ਼ਤ ਹੋ ਜੂ ਸਾਰਾ ਪਾਣੀ
ਧਰਤੀ ਬਣ ਜੂ ਜਾਏ-ਖਾਣੀ
ਮੁੜ ਕੇ ਨਾਂ ਪਛਤਾਇਓ
ਸੋਚ ਸਮਝ ਕੇ ਲਾਇਓ
ਥਰਮਲ ਸੋਚ ਸਮਝ ਕੇ ਲਾਇਓ।

ਥਰਮਲ ਨੇ ਜੋ ਮਾਰ ਮਾਰਨੀ
ਆਰ ਓ ਨਹੀਂ ਬਚੌਣਾਂ
ਕਿਸੇ ਨਾ ਕਿਸੇ ਡੂੰਘਾਈ ਉੱਤੇ
ਚੰਗਾ ਪਾਣੀ ਔਣਾ
ਆਰ ਓ. ਨਾਲੋਂ ਚੰਗਾ ਹੁੰਦਾ

ਡੂੰਘਾ ਟਿਊਬਵੈੱਲ ਲੌਣਾ
ਗੱਲਾਂ ਵਿੱਚ ਨਾਂ ਆਇਓ
ਯਾਰੋ ਗੱਲਾਂ ਵਿਚ ਨਾਂ ਆਇਓ
ਸੋਚ ਸਮਝ ਕੇ ਲਾਇਓ
ਥਰਮਲ ਸੋਚ ਸਮਝ ਕੇ ਲਾਇਓ।

ਮੈਂ ਕੱਲਾ ਨਹੀਂ ਕਹਿੰਦਾ ਯਾਰੋ
ਡਬਲਯੂ ਐਚ. ਓ. ਕਹਿੰਦੀ
ਆਰ. ਓ. ਦਾ ਪੀਂਦੇ ਜੋ ਪਾਣੀ
ਦਰਦ ਹੱਡਾਂ ਵਿਚ ਰਹਿੰਦੀ
ਗੱਲਾਂ ਵਿਚ ਨਾ ਆਇਓ
ਯਾਰੋ ਗੱਲਾਂ ਵਿਚ ਨਾ ਆਇਓ
ਸੋਚ ਸਮਝ ਕੇ ਲਾਇਓ।
ਆਰ ਓ ਸੋਚ ਸਮਝ ਕੇ ਲਾਇਓ।

## ਮੇਰਾ ਫ਼ਲਸਫ਼ਾ

ਨਾ ਮੈਂ ਵਿਚ ਸਿਆਸਤ ਪੈਣਾਂ
ਨਾ ਸਰਕਾਰ ਤੋਂ ਤਗਮਾ ਲੈਣਾਂ
ਲੋਕ ਹਿਤ ਹੈ ਮੇਰਾ ਗਹਿਣਾਂ
ਜਿਸ ਨੂੰ ਚੌਵੀ ਘੰਟੇ ਪਹਿਨਾਂ।

ਕਰਨੀ ਦੀਨ ਦੁਖੀ ਦੀ ਸੇਵਾ
ਸੇਵਾ ਵਿਚ ਹੀ ਹੁੰਦਾ ਮੇਵਾ
ਓਹ ਵੀ ਓਸੇ ਰੱਬ ਦੇ ਬੰਦੇ
ਨਾ ਕੋਈ ਚੰਗੇ ਨਾ ਕੋਈ ਮੰਦੇ

ਮੈਂ ਵੀ ਸਾਹ ਲੈ ਕੇ ਹਾਂ ਜੀਂਦਾ
ਰੋਟੀ ਖਾਂਦਾ ਪਾਣੀ ਪੀਂਦਾ
ਨਾ ਮੰਗਦਾ ਸਨਮਾਨ ਉਧਾਰੇ
ਨਾ ਸਰਕਾਰ ਤੋਂ ਸ਼ੱਕਰਪਾਰੇ।

ਜ਼ਿੰਦਗੀ ਵਿਚ ਨਹੀਂ ਕੁਝ ਲੁਕਾਇਆ
ਨਾ ਮੈਂ ਕਾਲਾ ਧਨ ਬਣਾਇਆ।
ਚਾਰ ਦਿਨਾਂ ਦਾ ਮੇਲਾ ਏਥੇ
ਰਹਿ ਜਾਣਾ ਪੈਸਾ ਧੇਲਾ ਏਥੇ
ਸਭ ਨੇ ਖਾਲੀ ਹੱਥੀਂ ਜਾਣਾ
ਧੋਖਾ ਧੜੀ ਨੇ ਕੰਮ ਨਹੀਂ ਆਣਾ।

ਰਾਜੇ ਸ਼ੀਂਹ ਮੁਕੱਦਮ ਕੁੱਤੇ
ਸੌਂਦੇ ਰੰਗਲੇ ਨੋਟਾਂ ਉੱਤੇ
ਫਿਰ ਵੀ ਚੰਗੀ ਨੀਂਦ ਨਾ ਆਵੇ
ਸੋਨਾ ਹੀ ਕੰਨਾਂ ਨੂੰ ਖਾਵੇ।

ਚਾਹੇ ਥੋੜਾ ਘੱਟ ਕਮਾਇਆ
ਨਹੀਂ ਸਾਖ ਨੂੰ ਵੱਟਾ ਲਾਇਆ
ਜਦ ਵੀ ਇਸ ਦੁਨੀਆਂ ਤੋਂ ਜਾਣਾ
ਚਿੱਟਾ ਕੁੜਤਾ ਛੰਡ ਵਿਖਾਣਾ

ਜਦ ਵੀ ਜਾਊਂ ਕਹਿ ਕੇ ਜਾਊਂ
ਪਿਆਰ ਤੁਹਾਡਾ ਲੈ ਕੇ ਜਾਊਂ।

## ਜਿੱਪਾਂ ਨੂੰ ਤਾਲੇ ਲਾ ਲਓ

ਜਿੱਪਾਂ ਨੂੰ ਤਾਲੇ ਲਾ ਲਓ,
ਜਾਂ ਗੱਡੀ ਬਾਈ ਪਾਸ ਤੇ ਲਾ ਲਓ
ਲੁਧਿਆਣਾ ਔਂਦਾ ਜੀ
ਏਥੇ ਕੋਈ ਸ਼ੌਚਾਲਾ
ਭਾਲਿਆਂ ਨਹੀਂ ਥਿਔਂਦਾ ਜੀ।

ਛੋਟੇ ਸ਼ਹਿਰਾਂ ਦੇ ਤਾਂ
ਹੋਰ ਵੀ ਰੰਗ ਨਿਆਰੇ ਨੇ
ਕੰਧਾਂ ਉੱਤੇ ਮੋਟੇ ਮੋਟੇ
ਲਿਖਦੇ ਨਾਹਰੇ ਨੇ
ਵੇਖੋ ਕੁੱਤਾ ਮੂਤ ਰਿਹਾ ਹੈ
ਲਿਖਿਆ ਹੁੰਦਾ ਜੀ
ਫਾਊਲ ਖੇਡਣ ਵਾਲਾ
ਹੋ ਜਾਂਦਾ ਸ਼ਰਮਿੰਦਾ ਜੀ

ਕਪੂਰਥਲੇ ਦੀ ਵੀ ਯਾਰੋ
ਏਹੋ ਹੈ ਕਹਾਣੀ ਜੀ
ਸ਼ੌਚਾਲਿਆਂ ਵਿਚ ਟੂਟੀ
ਲੱਗੀ ਹੀ ਨਹੀਂ ਪਾਣੀ ਦੀ
ਡੀ. ਓ. ਦੇ ਦਫਤਰ ਦੇ ਕੋਲੇ
ਏਹੋ ਕਹਾਣੀ ਜੀ
ਸ਼ੌਚਾਲੇ ਦੀਆਂ ਲਪਟਾਂ

ਦੂਰੋਂ ਦੂਰੋਂ ਔਂਦੀਆਂ ਨੇ
ਬਹੁਤ ਦੁਖੀ ਨੇ ਸੰਗਤਾਂ
ਜਿਹੜੀਆਂ ਦਫਤਰ ਆਂਦੀਆਂ ਨੇ।

ਜੇਕਰ ਕੋਈ ਸ਼ੌਚਾਲਾ
ਬੇਸ਼ੱਕ ਨਜ਼ਰ ਵੀ ਔਂਦਾ ਜੀ
ਹੱਥ ਧੌਣ ਲਈ ਪਾਣੀ
ਓਥੇ ਨਹੀਂ ਥਿਔਂਦਾ ਜੀ।
ਬਨੂੜ ਸ਼ਹਿਰ ਦੇ ਈ. ਓ. ਦੀ
ਇੱਕ ਚਿੱਠੀ ਆਈ ਜੀ
ਦੋ ਥਾਵਾਂ ਤੇ ਓਹਨਾਂ
ਟਾਇਲਟ ਹੈ ਬਣਾਈ ਜੀ
ਨਕਸ਼ਾ ਨਾਲ ਜੇ ਲਾ ਦਿੰਦੇ
ਤਾਂ ਚੰਗਾ ਹੁੰਦਾ ਜੀ
ਬੰਦਾ ਲੱਭ ਲਭਾ ਕੇ ਓਥੇ
ਪਹੁੰਚ ਤਾਂ ਜਾਂਦਾ ਜੀ।

## ਬੜਾ ਹੀ ਔਖਾ ਪੀਣਾ ਪਾਣੀ

ਓਸ ਵੇਲੇ ਦੀ ਗੱਲ ਸੁਣਾਵਾਂ
ਸਾਡੀਆਂ ਜੋ ਭੈਣਾਂ ਤੇ ਮਾਵਾਂ
ਸਿਰ ਤੇ ਘੜੇ ਉਠਾਂਦੀਆਂ ਸਨ
ਸਾਰੇ ਪਿੰਡ ਵਿੱਚ ਇੱਕੋ ਟੂਟੀ
ਪਾਣੀ ਭਰਨ ਲਈ ਜਾਂਦੀਆਂ ਸਨ
ਟੂਟੀ ਉੱਤੇ ਮੇਲਾ ਲੱਗਦਾ,
ਛੋਟਿਆਂ ਦਾ ਤੇ ਵੱਡਿਆਂ ਦਾ
ਜਾਂ ਫਿਰ ਆਖੋ ਮੇਲਾ ਲਗਦਾ
ਬਾਲਟੀਆਂ ਤੇ ਡੱਬਿਆਂ ਦਾ
ਦੋ ਦੋ ਘੰਟੇ ਪਹਿਲਾਂ ਓਥੇ
ਲਾਇਨ 'ਚ ਲੱਗਿਆ ਕਰਦੇ ਸਾਂ
ਪਾਣੀ ਭਰ ਕੇ ਜੇਤੂ ਵਾਂਗਰ
ਘਰ ਨੂੰ ਭੱਜਿਆ ਕਰਦੇ ਸਾਂ।

ਫਿਰ ਇੱਕ ਐਸਾ ਦਿਨ ਵੀ ਆਇਆ
ਜੂਨ ਬਦਲ ਗਈ ਨਾਰੀ ਦੀ
ਘਰ ਘਰ ਅੰਦਰ ਟੂਟੀ ਲੱਗੀ
ਮੁੱਕੀ ਬਿਪਤਾ ਸਾਰੀ ਜੀ
ਕੌਣ ਜਾਣਦਾ ਹੋਰ ਵੀ ਅੱਗੇ
ਬਿਪਤਾ ਔਣੀ ਭਾਰੀ ਜੀ
ਬਿਨਾਂ ਬੁਲਾਏ ਕੈਂਸਰ ਦਿੱਤਾ
ਥਰਮਲ ਦੀਆਂ ਸਵਾਹਾਂ ਨੇ

ਬਾਕੀ ਦਾ ਦੀਵਾ ਗੁਲ ਕੀਤਾ
ਖਾਂਦਾਂ ਅਤੇ ਦਵਾਵਾਂ ਨੇ
ਧਰਤੀ ਦੀ ਗੋਦੀ ਦੇ ਅੰਦਰ
ਜ਼ਹਿਰਾਂ ਹੀ ਜ਼ਹਿਰਾਂ ਹੋ ਗਈਆਂ
ਆਰ. ਓ. ਲਾਵਣ ਵਾਲਿਆਂ ਦੀਆਂ
ਲਹਿਰਾਂ ਬਹਿਰਾਂ ਹੋ ਗਈਆਂ।
ਨਾਰੀ ਦੀ ਫਿਰ ਉਹੀ ਕਹਾਣੀ
ਸਿਰ ਤੇ ਘੜਾ ਘੜੇ ਵਿਚ ਪਾਣੀ
ਨੌਕਰ ਬਣ ਗਈ ਘਰ ਦੀ ਰਾਣੀ
ਬੜਾ ਹੀ ਔਖਾ ਪੀਣਾ ਪਾਣੀ।
ਹੁਣ ਫਿਰ ਨਾਰੀ ਸਿਰ ਦੇ ਉੱਤੇ
ਘੜੇ ਉਠਾ ਕੇ ਜਾਂਦੀ ਹੈ
ਪਾਣੀ ਮਿਣ ਕੇ ਲੈਂਦੀ ਹੈ
ਤੇ ਪੈਸੇ ਦੇ ਕੇ ਆਂਦੀ ਹੈ।

## ਫੱਟੀ ਅਤੇ ਟਵਿਟਰ

ਆਪਣੀ ਫੱਟੀ ਆਪਣਾ ਬਸਤਾ
ਘਰੋਂ ਹੀ ਲੈ ਕੇ ਆਉਂਦੇ ਸਾਂ
ਆਪਣੇ ਘਰੋਂ ਲਿਆ ਕੇ ਬੋਰੀ
ਬੈਠਣ ਲਈ ਵਿਛੌਂਦੇ ਸਾਂ।
ਨਾਲ ਸਕੂਲ ਦੇ ਛੱਪੜ ਸੀ ਇਕ
ਓਥੋਂ ਫੱਟੀ ਧੋਂਦੇ ਸਾਂ
ਮਾਰ ਗਾਚਣੀ ਫੱਟੀ ਉੱਤੇ
ਉਸ ਨੂੰ ਫਿਰ ਚਮਕੌਂਦੇ ਸਾਂ
ਹਵਾ ਦੇ ਵਿਚ ਘੁਮਾ ਕੇ ਫੱਟੀ
ਚੁੰਨੀਆਂ ਵਾਂਗ ਸੁਕਾਉਂਦੇ ਸਾਂ
ਫਿਰ ਕਹਾਣੀ ਉਹੀ ਪੁਰਾਣੀ
ਵਾਰ ਵਾਰ ਦੁਹਰੌਂਦੇ ਸਾਂ
ਫੱਟੀ ਉੱਤੇ ਲਿਖਦੇ ਸਾਂ
ਫਿਰ ਪਾਣੀ ਵਿਚ ਡੁਬੋਂਦੇ ਸਾਂ
ਆਪਣੇ ਹੱਥੀਂ ਲਿਖਦੇ ਸਾਂ
ਤੇ ਆਪਣੇ ਆਪ ਮਿਟੌਂਦੇ ਸਾਂ
ਅੱਜ ਕੱਲ੍ਹ ਦੇ ਨੇਤਾ ਵੀ ਲਗਦੈ
ਫੱਟੀਆਂ ਪੋਚਦੇ ਰਹਿੰਦੇ ਨੇ
ਟਵਿਟਰ ਉੱਤੇ ਇਕ ਦੂਜੇ ਦਾ
ਮੂੰਹ ਨੋਚਦੇ ਰਹਿੰਦੇ ਨੇ
ਕਈ ਵਾਰ ਤਾਂ ਟਵਿਟਰ ਉੱਤੇ
ਐਸਾ ਕੁਸ਼ ਲਿਖ ਬਹਿੰਦੇ ਨੇ
ਆਪਣੇ ਹੱਥੀਂ ਆਪਣੀ ਫੱਟੀ
ਪੋਚ ਕੇ ਹੀ ਦਮ ਲੈਂਦੇ ਨੇ।

## ਗੱਲਾਂ ਮੇਰੇ ਸਕੂਲ ਦੀਆਂ

ਤੋੜ ਕੇ ਜਦ ਅਮਰੂਦ ਦੌੜਦੇ
ਪਿੱਛੇ ਔਂਦੇ ਮਾਲੀ ਦੀਆਂ
ਲੈ ਚਟਕਾਰੇ ਗੱਲਾਂ ਕਰਦੇ
ਇਕੋ ਹੀ ਭਾਗਾਂ ਵਾਲੀ ਦੀਆਂ।

ਹੋਮ ਵਰਕ ਦੀ ਮੇਰੀ ਕਾਪੀ
ਚੋਰੀ ਦੇ ਨਾਲ ਕੱਢਦੀ ਸੀ
ਮੇਰਾ ਕੱਲਾ ਕੱਲਾ ਆਂਨਸਰ
ਚੋਰੀ ਦੇ ਨਾਲ ਪੜ੍ਹਦੀ ਸੀ।

ਮੇਰਾ ਉਗਰ ਰੂਪ ਵੇਖ ਕੇ
ਰਤਾ ਨਹੀ ਘਬਰਾਂਦੀ ਸੀ
ਮੈਨੂੰ ਲੱਗਦਾ ਮੇਰੇ ਉੱਤੇ
ਮੰਦ ਮੰਦ ਮੁਸਕਾਂਦੀ ਸੀ।

ਸਾਰੇ ਹਾਈ ਸਕੂਲ ਦੇ ਅੰਦਰ
ਇਕੋ ਹੀ ਕੁੜੀ ਪੜ੍ਹਦੀ ਸੀ
ਮੁੱਖ ਅਧਿਆਪਕ ਦੀ ਸਾਲੀ ਸੀ
ਕਿਸੇ ਕੋਲੋਂ ਨਾ ਡਰਦੀ ਸੀ।

ਦੋ ਗੁੱਤਾਂ ਤੇ ਰਿਬਨ ਓਸਦਾ
ਵੱਖਰਾ ਇਕ ਨਜ਼ਾਰਾ ਸੀ

ਵੇਖ ਕੇ ਓਸ ਨੂੰ ਦਿਲ ਦੇ ਅੰਦਰ
ਫੁਟਦਾ ਇਕ ਗੁਬਾਰਾ ਸੀ।
ਮੈਂ ਜਦ ਕਾਪੀ ਗੁੰਮ ਵੇਖਦਾ
ਸਿੱਧਾ ਉਸ ਕੋਲ ਜਾਂਦਾ ਸੀ
ਉਸ ਦੇ ਬਸਤੇ ਵਿਚੋਂ ਕਾਪੀ
ਬਿਨ-ਪੁੱਛੇ ਲੈ ਆਂਦਾ ਸੀ।

ਅਸੀਂ ਕਦੇ ਵੀ ਗੱਲ ਨਾ ਕੀਤੀ
ਆਪਸ ਦੇ ਵਿਚ ਭੋਰਾ ਵੀ
ਨਾ ਹੀ ਜ਼ਿੰਦਗੀ ਦੇ ਵਿਚ ਲੱਗਿਆ
ਚੁੱਪ ਰਹਿਣ ਦਾ ਝੋਰਾ ਹੀ।

ਅੱਜ ਵੀ ਗੱਲਾਂ ਯਾਦ ਔਂਦੀਆਂ
ਮੈਨੂੰ ਮੇਰੇ ਸਕੂਲ ਦੀਆਂ
ਬਿਨ ਮੰਗੇ ਕਾਪੀ ਨਹੀਂ ਦੇਣੀ
ਮੇਰੇ ਉਸ ਅਸੂਲ ਦੀਆਂ।

## ਮੇਰੇ ਪਿੰਡ ਆ ਕੇ ਜ਼ਰਾ ਵੇਖ ਲੈ

ਮੁੱਠੀ ਨਾਲ ਕਦੇ ਗੰਢਾ ਤੋੜ ਕੇ ਤੂੰ ਵੇਖ ਲੈ
ਤਲੀਆਂ 'ਚ ਘੁੱਟ ਕੇ ਨਿਚੋੜ ਕੇ ਤੂੰ ਵੇਖ ਲੈ
ਰੋਟੀ ਉੱਤੇ ਰੱਖ ਕੇ ਅਚਾਰ ਖਾ ਕੇ ਵੇਖ ਲੈ
ਮੂੰਹ ਨਾਲ ਟੁੱਕ ਕੇ ਪਿਆਜ ਖਾ ਕੇ ਵੇਖ ਲੈ
ਉਤੋਂ ਛੰਨਾ ਲੱਸੀ ਦਾ ਵੀ ਪੀ ਕੇ ਕਦੇ ਵੇਖ ਲੈ
ਵਾਂਗ ਤੂੰ ਪੰਜਾਬੀਆਂ ਦੇ ਜੀ ਕੇ ਕਦੇ ਵੇਖ ਲੈ
ਐਸੀ ਨੀਂਦ ਆਊਗੀ ਦਵਾਈ ਭੁੱਲ ਜਾਵੇਂਗਾ
ਮੱਝ ਵਾਲੀ ਲੱਸੀ ਉੱਤੇ ਡੁੱਲ ਡੁੱਲ ਜਾਵੇਂਗਾ।

ਮੱਖਣ ਬੇਹੀ ਰੋਟੀ ਉੱਤੇ ਲਾ ਕੇ ਜ਼ਰਾ ਵੇਖ ਲੈ
ਫਿੱਕੀ ਲੱਗੇ ਉੱਤੇ ਖੰਡ ਪਾ ਕੇ ਜਰਾ ਵੇਖ ਲੇ
ਬਟਰ ਉੱਤੇ ਜਾਮ ਨੂੰ ਤੂੰ ਭੁੱਲ ਭੁੱਲ ਜਾਵੇਂਗਾ
ਪੰਜਾਬੀਆਂ ਦੇ ਵਿਰਸੇ ਤੇ ਡੁੱਲ੍ਹ ਡੁੱਲ੍ਹ ਜਾਵੇਂਗਾ।

ਤੁੱਕਿਆਂ ਦਾ ਕਦੇ ਤਾਂ ਅਚਾਰ ਪਾ ਕੇ ਵੇਖ ਲੈ
ਨਿੰਮ ਦੀ ਨਮੋਲੀਆਂ ਨੂੰ ਕਦੇ ਖਾ ਕੇ ਵੇਖ ਲੈ
ਪੱਕਿਆ ਲਸੂੜਾ ਮੂੰਹ 'ਚ ਪਾ ਕੇ ਕਦੇ ਵੇਖ ਲੈ
ਸ਼ਹਿਰ ਵਾਲੀ ਬੱਬਲ ਗੰਮ ਭੁੱਲ ਜਾਵੇਂਗਾ
ਪਿੰਡ ਦੇ ਲਸੂੜਿਆਂ ਤੇ ਡੁੱਲ੍ਹ ਡੁੱਲ੍ਹ ਜਾਵੇਂਗਾ।

ਪੀਹਲਾਂ ਦਾ ਸਵਾਦ ਵੀ ਤੂੰ ਖਾ ਕੇ ਜਰਾ ਵੇਖ ਲੈ
ਟਿਊਬਵੈਲ ਮੂਹਰੇ ਬਹਿ ਕੇ ਨਹਾ ਕੇ ਜਰਾ ਵੇਖ ਲੈ
ਕੱਛਾ ਇੱਕ ਫ਼ਾਲਤੂ ਵੀ ਰੱਖ ਲਈਂ ਤੂੰ ਨਾਲ ਨੂੰ
ਪੱਕਾ ਭੁਲ ਜਾਵੇਂਗਾ ਤਰਣ ਵਾਲੇ ਤਾਲ ਨੂੰ।

ਟਾਹਲੀ ਦੀਆਂ ਦਾਤਣਾਂ ਨੂੰ ਕਰ ਕੇ ਤੂੰ ਵੇਖ ਲੈ
ਕੱਸੀ ਵਾਲੇ ਪਾਣੀ ਵਿਚ ਤਰ ਕੇ ਤੂੰ ਵੇਖ ਲੈ
ਮੱਝ ਦੀ ਵੀ ਧਾਰ ਜ਼ਰਾ ਕੱਢ ਕੇ ਤੂੰ ਵੇਖ ਲੈ
ਬਾਅਦ ਵਿਚ ਥੱਲੇ ਕੱਟਾ ਛੱਡ ਕੇ ਤੂੰ ਵੇਖ ਲੈ।

ਆ ਜਾ ਮੇਰੇ ਨਾਲ ਪਿੰਡ ਆ ਕੇ ਜ਼ਰਾ ਵੇਖ ਲੈ
ਸ਼ਹਿਰ ਵਾਲੀ ਜ਼ਿੰਦਗੀ ਭੁਲਾ ਕੇ ਜ਼ਰਾ ਵੇਖ ਲੈ।

## 498 ਏ

ਨਾ ਹੱਥ ਚੱਕਿਓ, ਨਾ ਕੱਢਿਓ ਗਾਲ
ਕਦੇ ਵੀ ਪਰਾਈ ਧੀ ਨੂੰ
ਏ-498 ਦੇ ਨਾਲ
ਆਪੇ ਹੱਟ ਜਾਊ ਲੱਗਣੀ.......

ਜਿਹੜਾ ਨਿਭਦਾ ਉਮਰਾਂ ਦੇ ਨਾਲ
ਇੱਕ ਦਾਜ ਵਿੱਦਿਆ ਦਾ
ਭਾਵੇਂ ਮੰਗ ਲਿਓ ਹਿੰਮਤ ਦੇ ਨਾਲ
ਕੁੜੀ ਦੇ ਮਾਪਿਆਂ ਤੋਂ
ਫੇਰ ਕੁੱਖ ਵਿਚ ਮੌਤ ਦਾ ਸਵਾਲ
ਆਪੇ ਮਿਟ ਜਾਊ ਜੜ੍ਹ ਤੋਂ......

ਫੇਰ ਉਮਰਾਂ ਦੇ ਕੀਮਤੀ ਸਾਲ
ਕਚਹਿਰੀਆਂ 'ਚ ਨਹੀਂ ਰੁਲਣੇ
ਹੋਵੇ ਫੌਜ ਵੀ ਵਕੀਲਾਂ ਦੀ ਨਾਲ
ਇਹ ਜੰਗ ਕਦੇ ਨਹੀਂ ਜਿੱਤੀਦੀ
ਜਿਹੜੇ ਔਰਤਾਂ ਨੂੰ ਸਮਝਦੇ ਮਾਲ
ਜੇਲ੍ਹਾਂ-ਥਾਣਿਆਂ 'ਚ ਰੁਲਦੇ
ਨਾਲੇ ਰੁਲ ਜਾਂਦੇ ਛੋਟੇ-ਛੋਟੇ ਬਾਲ
ਮਾਪਿਆਂ ਦੇ ਝਗੜੇ 'ਚ.........

ਨਾ ਹੱਥ ਚੁੱਕਿਓ, ਨਾ ਕੱਢਿਓ ਗਾਲ
ਕਦੇ ਵੀ ਪਰਾਈ ਧੀ ਨੂੰ
ਏ-498 ਦੇ ਨਾਲ
ਆਪੇ ਹਟ ਜਾਊ ਲੱਗਣੀ।

## ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ

ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ
ਬੇਸ਼ੱਕ ਮਾਏ ਘਰੇ ਰੱਖ ਲਈਂ।
ਹੁਣ ਮੁੰਡਿਆਂ ਦਾ ਬਾਹਲਾ ਬੁਰਾ ਹਾਲ,
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ।

ਨਸ਼ਿਆਂ ਨੇ ਘੁਣ ਵਾਂਗੂੰ ਖਾ ਲਈਆਂ ਜਵਾਨੀਆਂ
ਮਰ ਜਾਂਦੇ ਆਪ ਪਿਛੇ ਰੋਂਦੀਆਂ ਜਨਾਨੀਆਂ
ਨਾਲੇ ਰੋਂਦੇ ਰਹਿਣ ਛੋਟੇ-ਛੋਟੇ ਬਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ।

ਵੱਡੇ ਵੱਡੇ ਲੋਕਾਂ ਉਤੇ
ਪਏ ਹੋਏ ਪਰਦੇ
ਚੋਰੀ ਛਿਪੇ ਨਸ਼ਿਆਂ ਦਾ
ਕਾਰੋਬਾਰ ਕਰਦੇ
ਪੁੱਛੀਂ ਮਾਪਿਆਂ ਨੂੰ
ਏਦਾਂ ਦੇ ਸਵਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ।

ਮੁੰਡੇ ਵਾਲਿਆਂ ਨੂੰ ਭਾਵੇਂ
ਚੰਗਾ ਨਹੀਓਂ ਲੱਗਦਾ
ਕਹਿ ਦੇਵੀਂ ਪਹਿਲਾਂ ਲੈਣਾਂ
ਟੈਸਟ ਡਰੱਗ ਦਾ

ਫਿਰ ਮਿਲੂ ਸਾਡੀ ਕੁੜੀ ਮੁੰਡੇ ਨਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ।

ਨਸ਼ਿਆਂ ਦੀ ਭਾਲ ਵਿਚ
ਕਰਦੇ ਨੇ ਚੋਰੀਆਂ
ਖਿੱਚ ਲੈਂਦੇ ਚੈਨਾਂ
ਜਿੱਥੇ ਵਿੱਖ ਜਾਣ ਛੋਹਰੀਆਂ
ਹੁਣ ਮੁੰਡਿਆਂ ਦਾ ਬਾਹਲਾ ਬੁਰਾ ਹਾਲ
ਬੇਸ਼ੱਕ ਮਾਏ ਘਰੇ ਰੱਖ ਲਈਂ
ਮੈਨੂੰ ਭੇਜੀਂ ਨਾ ਨਸ਼ੇੜੀ ਦੇ ਨਾਲ।

## ਭਾਰਤ ਰਤਨ

ਹੀਰੇ ਹੋ ਤਾਂ ਰਤਨ ਬਣ ਕੇ ਕੀ ਲੈਣਾ,
ਹੈਗੇ ਹੋ ਤਾਂ ਫੇਰ ਮੰਗ ਕੇ ਕੀ ਲੈਣਾ।
ਧਿਆਨ ਚੰਦ ਨੇ ਧਿਆਨ ਦਿੱਤਾ ਗੋਲ ਤੇ,
ਜੇਤੂ ਬਣ ਕੇ ਡੱਗਾ ਦਿੱਤਾ ਢੋਲ ਤੇ।
ਰਾਜੇ ਦੇ ਦਰਬਾਰੀਂ ਸੱਜ ਕੇ ਕੀ ਲੈਣਾ,
ਹੀਰੇ ਹੋ ਤਾਂ ਰਤਨ ਬਣ ਕੇ ਕੀ ਲੈਣਾ,
ਹੈਗੇ ਹੋ ਤਾਂ ਫੇਰ ਮੰਗ ਕੇ ਕੀ ਲੈਣਾ।

ਅਟੱਲ ਹੁੰਦੈ ਭਾਗਾਂ ਵਿੱਚ ਜੋ ਲਿਖਿਆ,
ਯੋਧਿਆਂ ਨੇ ਮੰਗਣਾ ਨਹੀਂ ਸਿੱਖਿਆ।
ਮੰਗਤੇ ਬਣਕੇ ਹੱਥ ਅੱਡ ਕੇ ਕੀ ਲੈਣਾ,
ਰਾਜੇ ਦੇ ਦਰਬਾਰੀਂ ਸੱਜ ਕੇ ਕੀ ਲੈਣਾ,
ਹੀਰੇ ਹੋ ਤਾਂ ਰਤਨ ਬਣ ਕੇ ਕੀ ਲੈਣਾ,
ਹੈਗੇ ਹੋ ਤਾਂ ਫੇਰ ਮੰਗ ਕੇ ਕੀ ਲੈਣਾਂ।

ਲਤਾ ਜੇ ਕਰ ਭਾਰਤ ਰਤਨ ਨਾ ਹੁੰਦੀ,
ਫਿਰ ਕੇਹੜਾ ਚੋਟੀ ਦੀ ਗਾਇਕਾ ਨਾ ਹੁੰਦੀ।
ਕਲਾ ਨੇ ਮੁਥਾਜ ਬਣ ਕੇ ਕੀ ਲੈਣਾ,
ਰਾਜੇ ਦੇ ਦਰਬਾਰੀਂ ਸੱਜ ਕੇ ਕੀ ਲੈਣਾ,
ਹੀਰੇ ਹੋ ਤਾਂ ਰਤਨ ਬਣ ਕੇ ਕੀ ਲੈਣਾ,
ਹੈਗੇ ਹੋ ਤਾਂ ਫੇਰ ਮੰਗ ਕੇ ਕੀ ਲੈਣਾ।

ਭਾਰਤ ਰਤਨ ਦੇ ਧਾਰਕ ਜ਼ਰਾ ਵੀ ਖੰਘਦੇ ਨੇ,
ਦੇਸ਼ ਦੇ ਹਾਕਮ ਜ਼ਰਾ ਨਾ ਸੰਗਦੇ ਨੇ।
ਭਾਰਤ ਰਤਨ ਨੂੰ ਹੀ ਵਾਪਸ ਮੰਗਦੇ ਨੇ,
ਐਸਾ ਮੈਡਲ ਛਾਤੀ ਤੇ ਲਾ ਕੇ ਕੀ ਲੈਣਾ,
ਰਾਜੇ ਦੇ ਦਰਬਾਰੀਂ ਸੱਜ ਕੇ ਕੀ ਲੈਣਾ,
ਹੀਰੇ ਹੋ ਤਾਂ ਰਤਨ ਬਣ ਕੇ ਕੀ ਲੈਣਾ,
ਹੈਗੇ ਹੋ ਤਾਂ ਫੇਰ ਮੰਗ ਕੇ ਕੀ ਲੈਣਾ।

## ਯਾਰਾਂ ਦੀ ਲੜਾਈ

ਹੱਥ ਫੜ ਕੇ ਮੇਰਾ, ਮੈਨੂੰ ਲੈ ਗਈ ਪਾਸੇ,
ਫਿਰ ਕੱਲਿਆਂ ਉੱਤੇ, ਕੀਤੇ ਖ਼ੂਬ ਧਮਾਕੇ।
ਫਿਰ ਵੀ ਯਾਰੋ ਕਿਸੇ ਮੁਸ਼ਕ ਨਾ ਆਈ,
ਏਸੇ ਨੂੰ ਕਹਿੰਦੇ ਯਾਰਾਂ ਦੀ ਲੜਾਈ।

ਲੜ-ਲੜ ਕੇ ਰੋਏ, ਹੱਥ ਫੜ ਕੇ ਰੋਏ,
ਫਿਰ ਵੀ ਯਾਰੋ ਕਿਸੇ ਮੁਸ਼ਕ ਨਾ ਆਈ,
ਏਸੇ ਨੂੰ ਕਹਿੰਦੇ ਯਾਰਾਂ ਦੀ ਲੜਾਈ।

ਅੱਖਾਂ ਖੁੱਲ੍ਹ ਕੇ ਰੋਈਆਂ, ਡੁੱਲ੍ਹ ਡੁੱਲ੍ਹ ਕੇ ਰੋਈਆਂ,
ਜਿਵੇਂ ਫੱਟ ਗਈ ਧਰਤੀ, ਜਿਵੇਂ ਬਿਜਲੀ ਕੜਕੀ।
ਫਿਰ ਵੀ ਯਾਰੋ ਕਿਸੇ ਮੁਸ਼ਕ ਨਾ ਆਈ,
ਏਸੇ ਨੂੰ ਕਹਿੰਦੇ ਯਾਰਾਂ ਦੀ ਲੜਾਈ।

ਮੈਨੂੰ ਭੁੱਲ ਗਈਆਂ ਯਾਰੋ, ਸਭ ਸ਼ੇਰ-ਦਹਾੜਾਂ,
ਜੀ ਕਰੇ ਕੇ ਰੋ ਕੇ, ਚੀਕਾਂ ਜੇਹੀਆਂ ਮਾਰਾਂ।
ਫਿਰ ਵੀ ਯਾਰੋ ਕਿਸੇ ਮੁਸ਼ਕ ਨਾ ਆਈ,
ਏਸੇ ਨੂੰ ਕਹਿੰਦੇ ਯਾਰਾਂ ਦੀ ਲੜਾਈ।

ਉਹਨੇ ਖੁੱਲ੍ਹ ਕੇ ਦੱਸੀਆਂ, ਮੈਨੂੰ ਦਿਲ ਦੀਆਂ ਗੱਲਾਂ,
ਫੜ ਫੜ ਕੇ ਰੋਕੇ, ਮੈਂ ਜਦੋਂ ਵੀ ਚੱਲਾਂ,
ਕੋਈ ਖੜਕਾ ਹੁੰਦਾ, ਅਸੀਂ ਚੁੱਪ ਹੋ ਜਾਂਦੇ,
ਫਿਰ ਤੁਰਦੀਆਂ ਗੱਲਾਂ, ਫਿਰ ਹੋਵੇ ਲੜਾਈ।
ਫਿਰ ਵੀ ਯਾਰੋ ਕਿਸੇ ਮੁਸ਼ਕ ਨਾ ਆਈ,
ਏਸੇ ਨੂੰ ਕਹਿੰਦੇ ਯਾਰਾਂ ਦੀ ਲੜਾਈ।

# ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ

ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ
ਰੱਖਣਾ ਬਚਾ ਕੇ ਅਸੀਂ ਫੁੱਲ ਵੇ ਗੁਲਾਬ ਨੂੰ।
ਮੇਰਾ ਇਹ ਪੰਜਾਬ ਕਿੱਦਾਂ, ਹੋਇਆ ਬਰਬਾਦ ਕਿੱਦਾਂ
ਹਰ ਮੁੰਡਾ ਨਸ਼ੇ ਵਿੱਚ ਲੱਗਦਾ ਨਵਾਬ ਕਿੱਦਾਂ।
ਸੋਕਣਾ ਹੀ ਪੈਣਾਂ ਹੁਣ ਨਸ਼ੇ ਦੇ ਸਲ੍ਹਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ.......

ਮੇਰੀ ਗੱਲ ਸੁਣੋਂ ਮੇਰੇ ਪੁੱਤਰੋ ਪੰਜਾਬ ਦਿਉ
ਨਾ ਮੁਰਝਾਉ ਮੇਰੇ ਫੁੱਲੋ ਵੇ ਗੁਲਾਬ ਦਿਉ
ਸਹੁੰ ਚੁੱਕੋ ਨਸ਼ਿਆਂ ਨੂੰ ਹੱਥ ਨਹੀਂ ਲਗਾਵਾਂਗੇ
ਕੱਠੇ ਹੋ ਕੇ ਫੇਰ ਤੋਂ ਪੰਜਾਬ ਨੂੰ ਬਣਾਵਾਂਗੇ
ਸਤਲੁਜ ਬਿਆਸ ਰਾਵੀ ਜੇਹਲਮ ਚਨਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ.......

ਪੁਲਸੀ ਭਰਾਵੋ ਤੁਸੀਂ ਏਨਾ ਕੁ ਮਿਆਰ ਰੱਖੋ
ਆਪਣੇ ਪੰਜਾਬ ਨਾਲ ਏਨਾ ਕੁ ਪਿਆਰ ਰੱਖੋ
ਪਾਰ ਸਰਹੱਦੋਂ ਕੋਈ ਐਵੇਂ ਖੰਘ ਜਾਵੇ ਨਾਂ
ਨਸ਼ੇ ਦਾ ਵਪਾਰੀ ਕੋਈ ਸੁੱਕਾ ਲੰਘ ਜਾਵੇ ਨਾਂ
ਵੱਟੇ ਖਾਤੇ ਪਾਉ ਹੁਣ ਪਹਿਲਾਂ ਦੇ ਹਿਸਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ........

ਕਰਦਾਂ ਅਪੀਲ ਮੈਂ ਵਕੀਲਾਂ ਨੂੰ ਭਰਾਵਾਂ ਨੂੰ
ਫੀਸ ਲੈਣ ਲੱਗੇ ਯਾਦ ਰੱਖੋ ਉਹਨਾਂ ਮਾਵਾਂ ਨੂੰ
ਨਸ਼ਿਆਂ ਦੀ ਭੇਟ ਚੜ੍ਹੇ ਪੁੱਤ ਜਿਹਨਾਂ ਮਾਵਾਂ ਦੇ
ਨਸ਼ੇ ਦੇ ਵਪਾਰੀਆਂ ਤੋਂ ਫੀਸ ਲੈ ਕੇ ਖਾਵਾਂਗੇ
ਜਾਂ ਫਿਰ ਆਪਣੇ ਪੰਜਾਬ ਨੂੰ ਬਚਾਵਾਂਗੇ ?
ਬੜੀ ਆਸ ਲੈ ਕੇ ਹੱਥ ਜੋੜਦਾਂ ਜਨਾਬ ਨੂੰ
ਨਸ਼ਿਆਂ ਦੀ ਮਾਰ ਹੇਠੋਂ ਕੱਢਣਾ ਪੰਜਾਬ ਨੂੰ......

## ਐ ਮੇਰੇ ਪੰਜਾਬ

ਗੁੜ੍ਹਤੀ ਦੇ ਵਿੱਚ ਦਿੱਤੀ ਬਾਣੀ,
ਨਾਲੇ ਪੰਜ ਦਰਿਆ ਦਾ ਪਾਣੀ,
ਗੂੰਜੇ ਚਾਟੀ ਵਿਚ ਮਧਾਣੀ,
ਖਾ ਗਈ ਨਜ਼ਰ ਖਸਮ ਨੂੰ ਖਾਣੀ,
ਵਿਰਸਾ ਹੀ ਬਰਬਾਦ,
ਮੈਂ ਤੈਨੂੰ ਕੀ ਆਖਾਂ,
ਐਂ ਮੇਰੇ ਪੰਜਾਬ

ਖੋਂਹਦੇ ਫਿਰਨ ਦੁਪੱਟੇ ਚੁੰਨੀਆਂ
ਘਰਾਂ 'ਚ ਲੁਕੀਆਂ ਨੰਨ੍ਹੀਆਂ ਮੁਨੀਆਂ
ਗਲੀਆਂ ਦੇ ਵਿੱਚ ਲਸ਼ਕਰ ਫਿਰਦੇ,
ਚੌਂਕਾਂ ਵਿੱਚ ਕਸਾਬ
ਮੈਂ ਤੈਨੂੰ ਕੀ ਆਖਾਂ,
ਐ ਮੇਰੇ ਪੰਜਾਬ।

ਨਾ ਕੋਈ ਵਾਰਸ ਨਾ ਕੋਈ ਬੁੱਲ੍ਹੇ,
ਬਾਹਲੋ ਮਾਹੀਆ ਟੱਪੇ ਭੁੱਲੇ,
ਲੋਕੀਂ ਲੱਚਰ ਗੀਤਾਂ ਤੇ ਡੁੱਲ੍ਹੇ,
ਗੀਤਾਂ ਵਿੱਚ ਵੀ ਗਾਲ੍ਹਾਂ ਬੱਕਦੇ,
ਸਭਿਆਚਾਰ ਤੇ ਦਾਗ
ਮੈਂ ਤੈਨੂੰ ਕੀ ਆਖਾਂ,
ਐ ਮੇਰੇ ਪੰਜਾਬ।

ਪਾਣੀ ਅੰਦਰ ਜਹਿਰਾਂ ਘੁਲੀਆਂ
ਸੀਵਰ ਦੇ ਵਿੱਚ ਨਹਿਰਾਂ ਘੁਲੀਆਂ,
ਧੂੰਏਂ ਵਿੱਚ ਹਵਾਵਾਂ ਘੁਲੀਆਂ,
ਪੁੱਤਰਾਂ ਖਾਤਰ ਮਾਵਾਂ ਰੁਲੀਆਂ,
ਜੋ ਨਸ਼ਿਆਂ ਵਿੱਚ ਬਰਬਾਦ,
ਮੈਂ ਤੈਨੂੰ ਕੀ ਆਖਾਂ,
ਐ ਮੇਰੇ ਪੰਜਾਬ।

## ਵੱਖਰਾ ਚੜ੍ਹਾਈਏ ਨਵਾਂ ਸਾਲ

ਮਿੱਟੀਏ ਪੰਜਾਬ ਦੀਏ
ਸ਼ੋਰਾ ਬਣ ਗਈ ਤੂੰ
ਮਿਸ਼ਰੀ ਦੀ ਡਲੀਏ ਨੀਂ
ਮਹੁਰਾ ਬਣ ਗਈ ਤੂੰ।

ਉੱਗਦੇ ਤੇਜ਼ਾਬ
ਇਥੇ ਵਿਕਦੇ ਤੇਜ਼ਾਬ
ਦਿਲ ਤੇ ਦਿਮਾਗ ਵਿਚ
ਸ਼ੂਕਦੇ ਤੇਜਾਬ।

ਰੱਬਾ ਤੂੰ ਪੰਜਾਬ ਉੱਤੇ
ਜ਼ੁਲਮ ਕਮਾਉਨਾਂ ਏਂ
ਬੋਤਲਾਂ ਤੇਜ਼ਾਬ ਦੀਆਂ
ਹੱਥ ਚ ਫੜੌਨਾਂ ਏਂ।
ਬੱਚਿਆਂ ਦੇ ਹੱਥੋਂ
ਬੱਚੀਆਂ ਨੂੰ ਝੁਲਸੌਨਾਂ ਏਂ।

ਹੀਰਾਂ ਉੱਤੇ ਰਾਂਝਿਓ
ਤੇਜ਼ਾਬ ਨਹੀਂ ਪਾਈਦਾ
ਵਿਰਸੇ ਨੂੰ ਏਸ ਤਰ੍ਹਾਂ
ਦਾਗ ਨਹੀਂ ਲਗਾਈਦਾ
ਹੋਕੇ ਬਦਨਾਮ ਏਦਾਂ
ਜੇਹਲੀਂ ਨਹੀਂ ਜਾਈਦਾ।

ਆਓ ਖੜ੍ਹ ਜਾਓ
ਮੇਰੇ ਨਾਲ ਵੇ ਪੰਜਾਬੀਓ
ਵੱਖਰਾ ਚੜ੍ਹਾਈਏ
ਨਵਾਂ ਸਾਲ ਵੇ ਪੰਜਾਬੀਓ
ਕੱਲੀ ਕੱਲੀ ਪੀੜਤਾ ਦਾ

ਇਲਾਜ ਕਰਵੌਣਾ ਹੇ
ਬੇਟੀ ਦੁਖਿਆਰੀ ਤਾਈਂ
ਮੁੜ ਕੇ ਵਸੌਣਾਂ ਹੈ,
ਵਿਰਸੇ ਤੇ ਲੱਗਾ ਹੋਇਆ
ਦਾਗ ਵੀ ਮਿਟੌਣਾ ਹੈ।

ਆਓ ਖੜ ਜਾਓ
ਮੇਰੇ ਨਾਲ ਵੇ ਪੰਜਾਬੀਓ
ਵੱਖਰਾ ਚੜ੍ਹਾਈਏ
ਨਵਾਂ ਸਾਲ ਵੇ ਪੰਜਾਬੀਓ।

## ਮੇਰਾ ਕੀ ਕਸੂਰ

ਮੇਰਾ ਕੀ ਕਸੂਰ ਦੁਨੀਆਂ ਵਾਲਿਓ
ਥੋੜਾ ਕੀ ਦਸਤੂਰ ਦੁਨੀਆਂ ਵਾਲਿਓ

ਮੈਂ ਸਕੂਲ ਦੇ ਰਸਤੇ ਕੱਲੀ ਰਹਿ ਗਈ
ਓਥੇ ਕਿਸੇ ਰਾਖਸ਼ ਦੇ ਹੱਥੀਂ ਪੈ ਗਈ
ਪਿਓ ਮੇਰੇ ਨੂੰ ਸੱਦ ਕੇ ਮਾਸਟਰ ਕਹਿੰਦਾ ਹੈ
ਬਾਕੀ ਦੇ ਬੱਚਿਆਂ ਤੇ ਅਸਰ ਪੈਂਦਾ ਹੈ।
ਸਾਰਟੀਫਿਕੇਟ ਜਿਹਾ ਕਟ ਕੇ ਹੱਥ ਫੜਾ ਦਿੱਤਾ
ਟੁੱਟ ਪੈਣੇ ਨੇ ਮੇਰਾ ਪਿਓ ਰਵਾ ਦਿੱਤਾ
ਮੇਰਾ ਪਿਓ ਮਜ਼ਦੂਰ ਸੀ ਰੋ ਕੇ ਰਹਿ ਗਿਆ
ਵਿੱਚ ਸਕੂਲੇ ਸਿਰ ਫੜ ਕੇ ਹੀ ਬਹਿ ਗਿਆ
ਜਾਂਦਾ ਜਾਂਦਾ ਮਾਸਟਰ ਸਭ ਨੂੰ ਕਹਿ ਗਿਆ
ਕਿ ਮੇਰਾ ਬਾਪੂ ਨਾ ਕਟਵਾ ਕੇ ਲੈ ਗਿਆ।
ਮੇਰਾ ਕੀ ਕਸੂਰ ਦੁਨੀਆਂ ਵਾਲਿਓ
ਥੋੜਾ ਕੀ ਦਸਤੂਰ ਦੁਨੀਆਂ ਵਾਲਿਓ।

ਆਪਣਾ ਅਸਲੀ ਨਾਂ ਦੱਸਣ ਤੋਂ ਡਰਦੀ ਹਾਂ
ਕਦੇ ਮੇਂ ਦਾਮਨੀ ਹੋਵਣ ਦਾ ਦਮ ਭਰਦੀ ਹਾਂ
ਦਮਿਅੰਤੀ ਜਾਂ ਨਿਰਭੈਆ ਵੀ ਕਹਿਲਾਂਦੀ ਹਾਂ
ਨਿੱਤ ਨਵੇਂ ਨਾਵਾਂ ਨਾਲ ਜਾਣੀ ਜਾਦੀ ਹਾਂ
ਮੇਰਾ ਕੀ ਕਸੂਰ ਦੁਨੀਆਂ ਵਾਲਿਓ
ਥੋੜਾ ਕੀ ਦਸਤੂਰ ਦੁਨੀਆ ਵਾਲਿਓ।

ਬਲਦਾ ਰੋਜ਼ ਦਸਹਿਰਾ ਰਾਵਣ ਜਲਦਾ ਹੈ
ਰੋਜ਼ ਹੀ ਰਾਵਨ ਸੀਤਾ ਹਰਣ ਵੀ ਕਰਦਾ ਹੈ
ਰੋਂਦੀ ਵੇਖ ਕੇ ਸੀਤਾ ਰਾਵਣ ਹੱਸਦਾ ਹੈ
ਕਦੇ ਹੀ ਕੋਈ ਜਟਾਯੂ ਰਸਤਾ ਡਕਦਾ ਹੈ
ਮੇਰਾ ਕੀ ਕਸੂਰ ਦੁਨੀਆਂ ਵਾਲਿਓ।
ਥੋੜਾ ਕੀ ਦਸਤੂਰ ਦੁਨੀਆਂ ਵਾਲਿਓ।

ਮੇਰੀ ਦਰਦ-ਕਹਾਣੀ ਵਿੱਚੇ ਰਹਿ ਜਾਣੀਂ
ਥੋਨੂੰ ਸੁਣਦੇ-ਸੁਣਦੇ ਰਾਤ ਪੈ ਜਾਣੀ
ਛਾਤੀ ਚੀਰ ਕੇ ਦਿਲ ਦਾ ਦਰਦ ਸੁਣਾਂਦੀ ਹਾਂ
ਲੌਣਾਂ ਨਾਂ ਇਲਜ਼ਾਮ ਕਿ ਮੈਂ ਭਰਮਾਂਦੀ ਹਾਂ।

ਮੇਰਾ ਕੀ ਕਸੂਰ ਦੁਨੀਆਂ ਵਾਲਿਓ
ਥੋਡਾ ਕੀ ਦਸਤੂਰ ਦੁਨਿਆਂ ਵਾਲਿਓ।

## ਮੈਂ ਕਮਲਾ ਨੀਂ

ਮੈਂ ਕਮਲਾ ਨੀ ਮੈਂ ਰਮਲਾ ਨੀਂ
ਮੈਂ ਤੇਰੇ ਪਿਆਰ ਵਿੱਚ ਕਮਲਾਂ ਨੀਂ
ਤੇਰੇ ਹੀ ਮੂਹਰੇ ਝੁਕਦਾ ਨੀਂ
ਮੇਰੀ ਪੱਗ ਦਾ ਉੱਚਾ ਸ਼ਮਲਾ ਨੀਂ।

ਤੂੰ ਮੈਨੂੰ ਇੰਜ ਝੰਜੋੜਿਆ ਨੀਂ
ਤੈਨੂੰ ਲੱਗਾ ਕਿ ਮੈਂ ਸੋਇਆ ਨੀਂ
ਮਰ ਜਾਣੀਏ ਤੈਨੂੰ ਕੀ ਦੱਸਾਂ
ਮੈਂ ਤੇਰੇ ਪਿਆਰ ਵਿੱਚ ਖੋਇਆ ਨੀਂ।

ਮੈਂ ਤਣ ਕੇ ਵਾਂਗ ਹਿਮਾਲਾ ਦੇ
ਦੁਨੀਆਂ ਦੇ ਮੂਹਰੇ ਖਲੋਂਦਾ ਨੀਂ।
ਪਰ ਤੇਰੇ ਮੋਢੇ ਸਿਰ ਰੱਖ ਕੇ
ਮੈਨੂੰ ਵੇਖੇ ਨਾ ਕੋਈ ਰੋਂਦਾ ਨੀਂ।

ਤੂੰ ਪਾਰਸ ਬਣ ਕੇ ਛੂਹਿਆ ਨੀਂ
ਮਿੱਟੀ ਤੋਂ ਸੋਨਾ ਹੋਇਆ ਨੀਂ
ਤੂੰ ਜਿਸ ਦਿਨ ਹੱਥ ਫੜਾਇਆ ਨੀਂ
ਉਸ ਦਿਨ ਤੋਂ ਤੇਰਾ ਹੋਇਆ ਨੀਂ।

ਪਾਣੀ ਵਿਚ ਪਤਾਸਾ ਨੀਂ
ਨਾ ਕਰਾਂ ਮੈਂ ਕੋਈ ਤਮਾਸ਼ਾ ਨੀਂ
ਤੈਨੂੰ ਤਾਂ ਆਵੇ ਹਾਸਾ ਨੀਂ
ਪਰ ਝੂਠ ਨਾ ਬੋਲਾਂ ਮਾਸਾ ਨੀਂ।

ਤੂੰ ਵੈਲਣ ਟਾਈਨ ਤੇ ਜੰਮੀਂ ਨੀਂ
ਮੈਂ ਮਾਘੀ ਨੇੜੇ ਹੋਇਆ ਨੀਂ
ਅਸੀਂ ਰੱਬ ਸਬੱਬੀਂ ਏਦਾਂ ਨੀ
ਜਿਵੇਂ ਚੰਡੀਗੜ੍ਹ ਤੇ ਮਲੋਇਆ ਨੀਂ।

## ਜੱਟਾਂ ਢੰਗ ਨਾਲ ਪੱਗੜੀ ਸੰਭਾਲ

ਸਾਡੇ ਧੁੱਪ 'ਚ ਸਫੈਦ ਹੋਏ ਵਾਲ
ਏਦੂੰ ਵੱਧ ਕੀ ਆਖੀਏ।
ਪੰਗਾ ਲਈਦਾ ਨਹੀਂ ਹਰ ਕਿਸੇ ਨਾਲ
ਐਨੀ ਗੱਲ ਸੁਣ ਰਾਖੀਏ।

ਐਵੇਂ ਵੱਜ ਗਈ ਕਾਰ ਉੱਤੇ ਬਾਲ
ਦਫਾ ਕਰ ਪਰ੍ਹਾਂ ਰਾਖੀਏ।
ਕੀਤੀ ਪਰਚਾ ਕਟੌਣ ਦੀ ਤੂੰ ਕਾਹਲ
ਐਨੀ ਗੱਲ ਕਰਾਂ ਰਾਖੀਏ।

ਅਸੀਂ ਮਾੜਾ ਮੋਟਾ ਜਾਣਦੇ ਕਨੂੰਨ,
ਪਰ ਡਰਦੇ ਨਹੀਂ ਬੋਲਦੇ।
ਸਾਡੇ ਵਿੱਚ ਵੀ ਹੈ ਦੇਸ਼ ਦਾ ਜਨੂੰਨ
ਨਹੀਂ ਪੈਰਾਂ 'ਚ ਕਨੂੰਨ ਰੋਲਦੇ।

ਭੀੜ ਔਰਤਾਂ ਨੂੰ ਸਕਦੀ ਹੈ ਮਾਰ
ਫੈਸਲੇ ਨਹੀਂ ਕਰ ਸਕਦੀ।
ਰਾਤੀਂ ਬਾਰਾਂ ਵਜੇ ਘਰਾਂ ਦੀ ਦਲੀਜ ਤੇ
ਇੰਜ ਨਹੀਂ ਕਚਹਿਰੀ ਲੱਗਦੀ।

ਹੁਣ ਕੇਜਰੀ ਹੀ ਕੇਜਰੀ ਵਾਲ
ਹਰ ਪਾਸੇ ਲੋਕ ਆਖਦੇ।
ਜਿਹੜਾ ਤੁਰਦਾ ਨਹੀਂ ਭੀੜ ਦੇ ਨਾਲ,
ਉਹਨੂੰ ਡਰਪੋਕ ਆਖਦੇ।

''ਅਸੀਂ ਥੋਡੇ ਤੋਂ ਜ਼ਿਆਦਾ ਥੋਡੇ ਨਾਲ''
ਏਦੂੰ ਵੱਧ ਕੀ ਆਖੀਏ।
''ਜੱਟਾ ਢੰਗ ਨਾਲ ਪਗੜੀ ਸੰਭਾਲ'
ਬੱਸ ਐਨੀਂ ਗੱਲ ਆਖੀਏ।
ਸਾਡੇ ਧੁੱਪ 'ਚ ਸਫੈਦ ਹੋਏ ਵਾਲ
ਏਦੂੰ ਵੱਧ ਕੀ ਆਖੀਏ।

## ਸਾਂਭ ਲੈ ਗਨੇਰੀਆਂ

ਮੁੱਕ ਗਈਆ ਗੱਲਾਂ ਹੁਣ
ਤੇਰੀਆ ਤੇ ਮੇਰੀਆਂ।
ਸਾਂਭ ਲੈ ਗਨੇਰੀਆਂ,
ਸਾਰੀਆਂ ਹੀ ਤੇਰੀਆਂ।

ਜਿਹਦੇ ਉਤੇ ਆਵੇ ਮੱਖੀ
ਐਸਾ ਗੁੜ ਖਾਣਾਂ ਕਿਉਂ
ਮੱਖੀਆਂ ਦੇ ਨਾਲ ਐਸਾ
ਲਾਣਾਂ ਹੀ ਯਰਾਨਾਂ ਕਿਉਂ।

ਭਿੱਜ ਗਈ ਸੀ ਕੰਬਲੀ ਤੇ
ਭਾਰ ਵਧੀ ਜਾਂਦਾ ਸੀ
ਕੰਬਲੀ ਦੇ ਭਾਰ ਹੇਠਾਂ
ਯਾਰ ਮਰੀ ਜਾਂਦਾ ਸੀ।

ਲਾਹ ਸੁੱਟੀ ਕੰਬਲੀ ਤੇ
ਯਾਰ ਹੌਲਾ ਹੋ ਗਿਆ।
ਉਹਦੇ ਦਿਲ ਉਤੋਂ ਸਾਰਾ
ਭਾਰ ਹੌਲਾ ਹੋ ਗਿਆ।

ਕੰਬਲੀ ਦੇ ਉਤੇ ਖਟਮਲ
ਚੜ੍ਹੀ ਜਾਂਦੇ ਸੀ।

ਨਾ ਜਾਣੇ ਆਪੋ ਵਿਚ
ਕਿਉਂ ਲੜੀ ਜਾਂਦੇ ਸੀ।

ਰਹਿ ਗਈਆਂ ਪਿੱਛੇ
ਖਟਮਲ ਅਤੇ ਮੱਖੀਆਂ।
ਕੁਝ ਦਿਨਾਂ ਲਈ ਬਣੇ
ਸਖੇ ਅਤੇ ਸਖੀਆਂ।

ਮੁਕ ਗਈਆਂ ਗੱਲਾਂ ਹੁਣ
ਤੇਰੀਆਂ ਤੇ ਮੇਰੀਆਂ।
ਸਾਂਭ ਲੈ ਗਨੇਰੀਆਂ,
ਸਾਰੀਆਂ ਹੀ ਤੇਰੀਆਂ।

## ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ

ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ
ਤੂੰ ਸੁਣ ਗੱਲਾਂ ਦਰਵੇਸ਼ ਦੀਆਂ।

ਇੱਥੇ ਪੁਲਸਾਂ ਡੰਡੇ ਮਾਰਦੀਆਂ
ਫਰਿਆਦਾਂ ਫੜ ਕੇ ਪਾੜਦੀਆਂ।
ਇੱਥੇ ਹੱਦ ਜੁਰਮ ਦੀ ਹੋ ਰਹੀ ਹੈ
ਇਨਸਾਫ ਦੀ ਤੱਕੜੀ ਰੋ ਰਹੀ ਹੈ।
ਇੱਥੇ ਸੜਕਾਂ ਪੈਸੇ ਖਾਂਦੀਆਂ ਨੇ
ਤੇ ਬਣਦਿਆਂ ਹੀ ਟੁੱਟ ਜਾਂਦੀਆਂ ਨੇ
ਇੱਥੇ ਪੈਸੇ ਥੋੜੇ ਪੈ ਜਾਂਦੇ
ਪੁੱਲ ਬਣਦੇ ਬਣਦੇ ਰਹਿ ਜਾਂਦੇ।

ਧੀ ਜੰਮਦੀ-ਜੰਮਦੀ ਰਹਿ ਜਾਂਦੀ
ਜੋ ਜੰਮ ਪੈਂਦੀ ਉਹ ਕਹਿ ਜਾਂਦੀ
ਜੇ ਜੀਣਾਂ ਐਨਾਂ ਪੰਗਾ ਸੀ
ਮੈਂ ਨਾਂ ਹੀ ਜੰਮਦੀ ਚੰਗਾ ਸੀ।

ਇਹ ਬਣਿਆ ਦੇਸ਼ ਨਵਾਬਾਂ ਦਾ
ਨਸ਼ਿਆਂ ਦਾ ਅਤੇ ਸ਼ਰਾਬਾਂ ਦਾ
ਕੋਈ ਦੁੱਧ ਤੇ ਲੱਸੀ ਨਹੀਂ ਪੀਂਦਾ
ਕੋਈ ਬਿਨਾਂ ਦਵਾਈਉਂ ਨਹੀਂ ਜੀਂਦਾ।

ਕਾਰਾਂ ਵਿੱਚ ਇੱਜ਼ਤ ਲੁੱਟਦੀ ਹੈ
ਥਾਣੇ ਵਿੱਚ ਜ਼ਿੰਦਗੀ ਮੁੱਕਦੀ ਹੈ।
ਖੇਤਾਂ ਵਿੱਚ ਜ਼ਹਿਰਾਂ ਉੱਗਦੀਆਂ ਨੇ
ਤੇ ਕੈਂਸਰ ਬਣ ਕੇ ਫੁੱਟਦੀਆਂ ਨੇ।

ਪੈਸੇ ਤੇ ਬੰਦਾ ਡੁੱਲ੍ਹਿਆ ਹੈ
ਭੁੱਲਿਆ ਤਾਂ ਰੱਬ ਨੂੰ ਭੁੱਲਿਆ ਹੈ
ਮੈਨੂੰ ਚਿੰਤਾਂ ਮੇਰੇ ਦੇਸ਼ ਦੀਆਂ
ਤੂੰ ਸੁਣ ਗੱਲਾਂ ਦਰਵੇਸ਼ ਦੀਆਂ।

## ਮੱਝ ਦੀ ਸਵਾਰੀ

'ਦੋਦੇ' ਦੀ ਇਹ ਕਹਾਣੀ ਹੈ
ਪਚਵੰਜਾ ਕੁ ਸਾਲ ਪੁਰਾਣੀ ਹੈ
ਮੈਂ ਮੱਝ ਨੂੰ ਰੋਜ ਨੁਹਾਂਦਾ ਸਾਂ
'ਸੂਏ' ਤੇ ਲੈ ਕੇ ਜਾਂਦਾ ਸਾਂ।

ਮੱਝ 'ਸੂਏ' ਵਿੱਚ ਵੜ ਜਾਂਦੀ ਸੀ
ਉਹ ਮੜਕ ਨਾਲ ਇਠਲਾਂਦੀ ਸੀ
ਮੋਰਾਂ ਵਾਂਗ ਪੈਲਾਂ ਪਾਂਦੀ ਸੀ
ਕਦੇ ਏਧਰੋਂ ਓਧਰ ਤੈਰਦੀ ਸੀ
ਕਦੇ ਵਾਪਸ ਇਧਰ ਆਂਦੀ ਸੀ।

ਕਦੇ ਮੈਂ ਵੀ ਚੁੱਭੀ ਲਾਂਦਾ ਸੀ।
ਉਹਦੀ ਪੂਛ ਨੂੰ ਕਦੇ ਘੁੰਮਾਂਦਾ ਸੀ
ਉਹ ਪੂਛ ਹਿਲਾ ਕੇ ਛੰਡਦੀ ਸੀ
ਲਗਦਾ ਕਿ ਆਜ਼ਾਦੀ ਮੰਗਦੀ ਸੀ
ਉਸ ਦਿਨ ਵੀ ਵਾਂਗ ਹਮੇਸ਼ਾ ਦੇ
ਵਾਪਸੀ ਤੇ ਮੱਝ ਤੇ ਚੜ੍ਹ ਗਿਆ
ਮੈਨੂੰ ਲੋਕੀਂ ਵੇਖ ਕੇ ਹੱਸਦੇ ਸਨ,
ਕਦੇ ਬੈਠ ਗਿਆ ਕਦੇ ਖੜ੍ਹ ਗਿਆ
ਅਸੀਂ ਭੀੜੀ ਗਲੀ 'ਚੋਂ ਲੰਘ ਰਹੇ ਸਾਂ
ਉਹਦੇ ਪਿੰਡੇ ਖਾਰਸ਼ ਹੋ ਰਹੀ ਸੀ।
ਉਹਨੇ ਕੰਧ ਨਾਲ ਪਿੰਡਾ ਰਗੜ ਲਿਆ
ਮੇਰੀ ਮਾੜੀ ਹਾਲਤ ਹੋ ਰਹੀ ਸੀ।

ਮੇਰੇ ਪੈਰ ਦੀਆਂ ਉਂਗਲਾਂ ਮੁੜ ਗਈਆਂ
ਮੈਂ ਚੀਕ ਜ਼ੋਰ ਦੀ ਮਾਰੀ ਸੀ।
ਉਹਨੇ ਦਿਸ਼ਾ ਜੱਦ ਬਦਲਾਈ ਸੀ
ਮੇਰੀ ਜਾਨ 'ਚ ਜਾਨ ਆਈ ਸੀ।
ਮੈਂ ਕਾਲ ਨੂੰ ਸੀ ਪਹਿਚਾਣ ਲਿਆ
ਦਿਲ ਵਿੱਚ ਇਰਾਦਾ ਠਾਣ ਲਿਆ।
ਮੱਝ ਕਾਰ ਵਾਂਗ ਨਹੀਂ ਮੋੜੀਦੀ
ਮੇਰੀ ਜਾਨ ਦੇਸ਼ ਨੂੰ ਲੋੜੀਂਦੀ।

## ਸੰਨ ਸੰਤਾਲੀ ਤੋਂ ਬਾਅਦ

ਭਗਤ ਸਿੰਘ ਨੂੰ ਭੁੱਲ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ
ਸ਼ਹੀਦਾਂ ਦੇ ਘਰ ਰੁਲ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।

ਢੀਂਗੜੇ ਦਾ ਘਰ ਢਹਿ ਗਿਆ
ਲੋਕੋ ਸੰਨ ਸੰਤਾਲੀ ਤੋਂ ਬਾਅਦ
ਸਿਰਫ ਨਾਂ ਦਾ ਊਧਮ ਰਹਿ ਗਿਆ
ਲੋਕੋ ਸੰਨ ਸੰਤਾਲੀ ਤੋਂ ਬਾਅਦ

ਸਕੂਲਾਂ ਦੇ ਤੱਪੜ ਰੁਲ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।
ਸਰਕਾਰੀ ਹਸਪਤਾਲ ਭੁਲ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।

ਸੰਵਿਧਾਨ ਨੂੰ ਪੀ ਗਏ ਖਾ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।
ਨਵੀਆਂ ਟੋਪੀਆਂ ਵਾਲੇ ਆ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ

ਚੌਰਾਸੀ ਦੇ ਦੰਗੇ ਆ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।
ਲੋਕ ਰਾਜ ਨੂੰ ਦਾਗ ਲਗਾ ਗਏ
ਲੋਕੋ ਸੰਨ ਸੰਤਾਲੀ ਤੋਂ ਬਾਅਦ।

ਕੁਰਪਸ਼ਨ ਦੇਸ਼ ਨੂੰ ਖਾ ਗਈ
ਲੋਕੋ ਸੰਨ ਸੰਤਾਲੀ ਤੋਂ ਬਾਅਦ
ਚਲੋ ਛੱਡੋ–ਆਜ਼ਾਦੀ ਆ ਗਈ
ਲੋਕੋ ਸੰਨ ਸੰਤਾਲੀ ਤੋਂ ਬਾਅਦ।

## ਬਿਰਧਾਂ ਦੀ ਜਾਨ

ਹੁੰਦੀ ਬਿਰਧਾਂ ਦੇ ਅੰਦਰ ਵੀ ਜਾਨ,
ਬੱਚਿਆਂ ਨੂੰ ਕਿਵੇਂ ਦੱਸੀਏ
ਕਾਹਨੂੰ ਮਾਪਿਆਂ ਦਾ ਕਰੋ ਅਪਮਾਨ
ਬੱਚਿਆਂ ਨੂੰ ਕਿਵੇਂ ਦੱਸੀਏ।

ਮਾਂ ਕਟਦੀ ਹੈ ਟੈਮ ਪਿੱਛੇ ਕੋਠੜੀ ਦੇ ਵਿੱਚ
ਕੁੱਝ ਰਖਦੀ ਲੁਕਾ ਕੇ ਇੱਕ ਪੋਟਲੀ ਦੇ ਵਿੱਚ
'ਧੀਆਂ ਮੇਰੀਆਂ ਨਾਂ ਖਾਲੀ ਹੱਥ ਜਾਣ'
ਬੱਚਿਆਂ ਨੂੰ ਕਿਵੇਂ ਦੱਸੀਏ।

ਪੁੱਤ ਕਰਨਗੇ ਸੇਵਾ ਹੁੰਦੀ ਮਾਪਿਆਂ ਨੂੰ ਆਸ
ਪਰ ਜ਼ਿੰਦਗੀ ਦੀ ਸ਼ਾਮ ਕਿੰਨੀ ਹੋਊਗੀ ਉਦਾਸ।
ਕੀਤਾ ਨਹੀਂ ਸੀ ਕਦੇ ਅਨੁਮਾਨ
ਬੱਚਿਆਂ ਨੂੰ ਕਿਵੇਂ ਦੱਸੀਏ।

ਪੁੱਤ ਐਨਕ ਬਣਾ ਦੇ-ਮਾਂ ਰੋਜ-ਰੋਜ ਕਹਿੰਦੀ
ਜਦੋਂ ਟੁਟਦੀ ਕਮਾਨੀ ਤਾਂ ਮੈਂ ਧਾਗਾ ਬੰਨ੍ਹ ਲੈਂਦੀ
'ਕੀ ਕਰਾਂ ਜਦੋਂ ਸ਼ੀਸ਼ੇ ਟੁੱਟ ਜਾਣ ?'
ਬੱਚਿਆਂ ਨੂੰ ਕਿਵੇਂ ਦੱਸੀਏ।

ਕੱਲੇ-ਕੱਲ੍ਹੇ ਕਮਰੇ ਨੂੰ ਲਾ ਕੇ ਜਾਣ ਤਾਲਾ
ਉਹਦੀ ਕੋਠੜੀ 'ਚ ਪਿਆ ਇੱਕ ਘੜਾ ਪਾਣੀ ਵਾਲਾ
ਕਿੰਨਾ ਵੱਡਾ ਕੀਤਾ ਮਾਂ ਤੇ ਅਹਿਸਾਨ
ਬੱਚਿਆਂ ਨੂੰ ਕਿਵੇਂ ਦੱਸੀਏ।

ਹੁੰਦਾ ਵਾਰੀਆਂ ਦੇ ਵੱਟੇ-ਦੂਜਾ ਜ਼ਿੰਦਗੀ ਦਾ ਨਾਂ
ਜਦੋਂ ਜ਼ਿੰਦਗੀ ਦੀ ਸ਼ਾਮ ਵੇਲੇ ਯਾਦ ਔਣੀ ਮਾਂ
ਉਦੋਂ ਪਤਾ ਲੱਗੂ ਮਾਂ ਦਾ ਸਥਾਨ
ਬੱਚਿਆਂ ਨੂੰ ਕਿਵੇਂ ਦੱਸੀਏ।

****